Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 11 09/05/2025 www.samajweekly.com samajweekly @samajweekly samajweekly

# ਪਾਕਿਸਤਾਨ ਨੇ ਪੰਜਾਬ ਦੇ ਕਈ ਇਲਾਕਿਆਂ 'ਚ ਡਰੋਨ ਤੇ ਮਿਜ਼ਾਈਲਾਂ ਨਾਲ ਹਮਲੇ ਦੀ ਕੋਸ਼ਿਸ਼ ਕੀਤੀ



ਪਾਕਿਸਤਾਨ ਵਲੋਂ ਪਠਾਨਕੋਟ ਦੇ ਏਅਰਬੇਸ ’ਤੇ ਹਮਲਾ ਦੀ ਸਮਾਚਾਰ ਪ੍ਰਾਪਤ ਹੋਇਆ ਹੈ। ਪਾਕਿਸਤਾਨ ਵਲੋਂ ਪੰਜਾਬ ਦੇ ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ, ਆਦਮਪੁਰ, ਬਠਿੰਡਾ ਸਮੇਤ ਚੰਡੀਗੜ੍ਹ, ਫਲੋਦੀ, ਉਤਰਲਾਈ,ਅਵੰਤੀਪੁਰਾ, ਸ਼੍ਰੀਨਗਰ, ਜੰਮੂ ਅਤੇ ਭੁਜ ਸਮੇਤ ਉੱਤਰੀ ਅਤੇ ਪੱਛਮੀ ਭਾਰਤ ਦੇ ਕਈ ਫੌਜੀ ਟਿਕਾਣਿਆਂ 'ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਨੂੰ ਭਾਰਤੀ ਫੌਜ ਨੇ ਨਾਕਾਮ ਕਰ ਦਿੱਤਾ। ਜੰਮੂ ਏਅਰਪੋਰਟ ’ਤੇ ਹਵਾਈ ਹਮਲਾ ਕੀਤਾ ਗਿਆ ਹੈ। ਜਲੰਧਰ, ਖੰਨਾ, ਬਟਾਲਾ, ਅਜਨਾਲਾ, ਜੰਡਿਆਲਾ ਗੁਰੂ , ਪਠਾਨਕੋਟ, ਗੁਰਦਾਸਪੁਰ, ਫ਼ਿਰੋਜ਼ਪੁਰ, ਅਖਨੂਰ ਬੈਲਕ ਆਊਟ ਕੀਤਾ ਗਿਆ ਹੈ।

## ਪੰਜਾਬ ਅਤੇ ਰਾਜਸਥਾਨ ਹਾਈ ਅਲਰਟ ’ਤੇ; ਪੁਲੀਸ ਪ੍ਰਸ਼ਾਸਨ ਦੀਆਂ ਛੁੱਟੀਆਂ ਰੱਦ, ਸਰਹੱਦੀ ਜ਼ਿਲ੍ਹਿਆਂ ਦੇ ਸਕੂਲ ਬੰਦ

**ਚੰਡੀਗੜ੍ਹ।** ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧੇ ਤਣਾਅ ਦੇ ਮੱਦੇਨਜ਼ਰ ਪੰਜਾਬ ਅਤੇ ਰਾਜਸਥਾਨ (ਜੋ ਗੁਆਂਢੀ ਦੇਸ਼ ਨਾਲ ਸਰਹੱਦਾਂ ਸਾਂਝੀਆਂ ਕਰਦੇ ਹਨ) ਪੂਰੀ ਤਰ੍ਹਾਂ ਅਲਰਟ ’ਤੇ ਹਨ। ਭਾਰਤ ਦਾ ਪੰਜਾਬ ਸੂਬਾ ਪਾਕਿਸਤਾਨ ਨਾਲ 532 ਕਿਲੋਮੀਟਰ ਦੀ ਸਰਹੱਦ ਸਾਂਝੀ ਕਰਦਾ ਹੈ, ਜਦ ਕਿ ਰਾਜਸਥਾਨ ਵਿਚ ਸਾਂਝੀ ਸਰਹੱਦ ਲਗਭਗ 1,070 ਕਿਲੋਮੀਟਰ ਤੱਕ ਫੈਲੀ ਹੋਈ ਹੈ। ਤਣਾਅ ਵਾਲੇ ਮਾਹੌਲ ਦੇ ਮੱਦੇਨਜ਼ਰ ਪੰਜਾਬ ਪੁਲੀਸ ਨੇ ਤੁਰੰਤ ਪ੍ਰਭਾਵ ਨਾਲ ਸਾਰੇ ਕਰਮਚਾਰੀਆਂ ਅਤੇ ਅਧਿਕਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਪੁਲੀਸ ਸੂਤਰਾਂ ਨੇ ਕਿਹਾ ਕਿ ਛੁੱਟੀ ਸਿਰਫ਼ ਅਤਿ ਜ਼ਰੂਰੀ ਹਾਲਾਤ ਵਿਚ ਹੀ ਦਿੱਤੀ ਜਾਵੇਗੀ। ਪੁਲੀਸ ਫੋਰਸ ਕਾਨੂੰਨ ਵਿਵਸਥਾ ਬਣਾਈ ਰੱਖਣ ਅਤੇ ਰੱਖਿਆ ਬਲਾਂ ਦੀ ਸਹਾਇਤਾ ਲਈ ਜ਼ਰੂਰੀ ਹੈ। ਸੂਤਰਾਂ ਨੇ ਕਿਹਾ ਕਿ ਇਸ ਦੌਰਾਨ ਪੁਲੀਸ ਅਫਵਾਹਾਂ ਫੈਲਾਉਣ, ਜਮ੍ਹਾਂਖੋਰੀ ’ਤੇ ਨਜ਼ਰ ਰੱਖੇਗੀ, ਇਸ ਤੋਂ ਇਲਾਵਾ ਕਿਸੇ ਵੀ ਘਟਨਾ ਦੀ ਸਥਿਤੀ ਵਿਚ ਐੱਨਡੀਆਰਐੱਫ ਦੀ ਮਦਦ ਕਰੇਗੀ ਅਤੇ ਸਰਹੱਦੀ ਜ਼ਿਲ੍ਹਿਆਂ ਵਿਚ



ਨਾਗਰਿਕਾਂ ਦੀ ਮਦਦ ਲਈ ਬੀਐੱਸਐੱਫ ਨਾਲ ਸੰਪਰਕ ਬਣਾਈ ਰੱਖੇਗੀ। ਅਧਿਕਾਰੀਆਂ ਨੇ ਵੀਰਵਾਰ ਨੂੰ ਕਿਹਾ ਕਿ ਪੰਜਾਬ ਸਰਕਾਰ ਨੇ ਛੇ ਸਰਹੱਦੀ ਜ਼ਿਲ੍ਹਿਆਂ ਵਿਚ ਸਕੂਲ ਵੀ ਬੰਦ ਕਰ ਦਿੱਤੇ ਹਨ, ਜਿਨ੍ਹਾਂ ਵਿਚ ਫਿਰੋਜ਼ਪੁਰ, ਪਠਾਨਕੋਟ, ਫਾਜ਼ਿਲਕਾ, ਅੰਮ੍ਰਿਤਸਰ, ਗੁਰਦਾਸਪੁਰ ਅਤੇ ਤਰਨ ਤਾਰਨ ਦੇ ਸਾਰੇ ਸਕੂਲ ਸ਼ਾਮਲ ਹਨ। ਡੀਜੀਪੀ ਦਫ਼ਤਰ ਵੱਲੋਂ ਜਾਰੀ ਹੁਕਮ ਵਿਚ ਲਿਖਿਆ ਹੈ, ‘‘ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਸਿਰਫ਼ ਵਿਸ਼ੇਸ਼ ਹਾਲਾਤਾਂ ਵਿੱਚ ਹੀ ਛੁੱਟੀਆਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ।’’ ਉਧਰ ਰਾਜਸਥਾਨ ਵਿਚ ਸਾਵਧਾਨੀ ਦੇ ਤੌਰ ’ਤੇ ਚਾਰ ਸਰਹੱਦੀ ਜ਼ਿਲ੍ਹਿਆਂ ਸ਼੍ਰੀ ਗੰਗਾਨਗਰ, ਬੀਕਾਨੇਰ, ਜੈਸਲਮੇਰ ਅਤੇ ਬਾੜਮੇਰ ਵਿੱਚ ਸਾਰੇ ਸਰਕਾਰੀ ਅਤੇ ਨਿੱਜੀ ਸਕੂਲ ਬੰਦ ਕਰ ਦਿੱਤੇ ਗਏ ਹਨ। ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਚਾਰ ਜ਼ਿਲ੍ਹਿਆਂ ਦੇ ਪ੍ਰਸ਼ਾਸਨ ਨੇ ਕਿਸੇ ਵੀ ਐਮਰਜੈਂਸੀ ਸਥਿਤੀ ਲਈ ਤਿਆਰੀਆਂ ਕਰ ਲਈਆਂ ਹਨ। ਮੁੱਖ ਮੰਤਰੀ ਭਜਨਲਾਲ ਸ਼ਰਮਾ ਨੇ ‘ਅਪਰੇਸ਼ਨ ਸਿੰਦੂਰ’ ਤੋਂ ਬਾਅਦ ਵਧਦੇ ਤਣਾਅ ਦੇ ਮੱਦੇਨਜ਼ਰ ਸਬੰਧਤ ਅਧਿਕਾਰੀਆਂ ਨੂੰ ਸਾਰੇ ਪੁਲੀਸ ਮੁਲਾਜ਼ਮਾਂ ਦੀਆਂ ਛੁੱਟੀਆਂ ਰੱਦ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੂਤਰਾਂ ਨੇ ਦੱਸਿਆ ਕਿ ਮੁੱਖ ਸਕੱਤਰ ਸੁਧਾਂਸ਼ ਪੰਤ ਅਤੇ ਡੀਜੀਪੀ ਯੂਆਰ ਸਾਹੂ ਨੇ ਡਿਵੀਜ਼ਨਲ ਕਮਿਸ਼ਨਰਾਂ, ਕੁਲੈਕਟਰਾਂ, ਆਈਜੀਪੀ ਅਤੇ ਐੱਸਪੀਜ਼ ਨਾਲ ਇਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਵੀ ਕੀਤੀ, ਜਿਸ ਵਿਚ ਉਨ੍ਹਾਂ ਨੂੰ ਸਬੰਧਤ ਹੈੱਡਕੁਆਰਟਰ ’ਤੇ ਮੌਜੂਦ ਰਹਿਣ ਦਾ ਨਿਰਦੇਸ਼ ਦਿੱਤਾ ਗਿਆ।

# ਰਾਜਸਥਾਨ ਨਾਲ ਲੱਗਦੇ ਪਾਕਿਸਤਾਨੀ ਪਿੰਡਾਂ ਵਿੱਚ ਪਹੁੰਚੀ ਫੌਜ

**ਜੈਪੁਰ।** ਪਾਕਿਸਤਾਨ 'ਤੇ ਹਵਾਈ ਹਮਲੇ ਤੋਂ ਬਾਅਦ, ਰਾਜਸਥਾਨ ਵੀ ਹਾਈ ਅਲਰਟ 'ਤੇ ਹੈ। ਸੁਰੱਖਿਆ ਕਾਰਨਾਂ ਕਰਕੇ, 6 ਜ਼ਿਲ੍ਹਿਆਂ ਦੇ ਸਕੂਲਾਂ (ਸਰਕਾਰੀ-ਨਿੱਜੀ), ਆਂਗਣਵਾੜੀ ਕੇਂਦਰਾਂ, ਮਦਰੱਸਿਆਂ ਵਿੱਚ ਬੱਚਿਆਂ ਲਈ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਵਿੱਚ ਜੋਧਪੁਰ, ਫਲੋਦੀ, ਜੈਸਲਮੇਰ, ਬਾੜਮੇਰ, ਸ਼੍ਰੀਗੰਗਾਨਗਰ, ਬੀਕਾਨੇਰ ਸ਼ਾਮਿਲ ਹਨ। ਜੋਧਪੁਰ ਦੇ ਸਕੂਲਾਂ ਦੇ ਨਾਲ-ਨਾਲ ਸਾਰੇ ਕਾਲਜਾਂ ਵਿੱਚ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ। ਇਹ 8 ਮਈ ਤੋਂ ਅਗਲੇ ਆਦੇਸ਼ਾਂ ਤੱਕ ਜਾਰੀ ਰਹੇਗਾ। ਬੀਕਾਨੇਰ, ਕਿਸ਼ਨਗੜ੍ਹ ਅਤੇ ਜੋਧਪੁਰ ਹਵਾਈ ਅੱਡਿਆਂ ਤੋਂ 10 ਮਈ ਤੱਕ ਸਾਰੀਆਂ ਉਡਾਨਾਂ ਦੀ ਕਾਰਵਾਈ ਬੰਦ ਕਰ ਦਿੱਤੀ ਗਈ ਹੈ। ਵੀਰਵਾਰ ਨੂੰ ਜੈਪੁਰ ਹਵਾਈ ਅੱਡੇ ਤੋਂ 4 ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਹਨ। ਇੰਡੀਗੋ ਏਅਰਲਾਈਨਜ਼ ਨੇ 10 ਮਈ ਤੱਕ ਬੀਕਾਨੇਰ ਵਿੱਚ ਆਪਣੀਆਂ ਸਾਰੀਆਂ ਉਡਾਨਾਂ ਰੱਦ ਕਰ ਦਿੱਤੀਆਂ ਹਨ। ਮੌਜੂਦਾ ਸਥਿਤੀ ਨੂੰ ਦੇਖਦੇ ਹੋਏ, ਉੱਤਰ-ਪੱਛਮੀ ਰੇਲਵੇ ਨੇ



ਆਪਣੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਛੁੱਟੀਆਂ ਰੱਦ ਕਰ ਦਿੱਤੀਆਂ ਹਨ। ਆਪ੍ਰੇਸ਼ਨ ਸਿੰਦੂਰ ਤੋਂ ਬਾਅਦ, ਰਾਜਸਥਾਨ ਦੀ ਪੂਰੀ 1037 ਕਿਲੋਮੀਟਰ ਲੰਬੀ ਸਰਹੱਦ ਸੀਲ ਕਰ ਦਿੱਤੀ ਗਈ ਹੈ। ਬੀਐੱਸਐੱਫ ਜ਼ਮੀਨ 'ਤੇ ਅਲਰਟ 'ਤੇ ਹੈ ਅਤੇ ਹਵਾਈ ਸੈਨਾ ਅਸਮਾਨ ਵਿੱਚ ਅਲਰਟ 'ਤੇ ਹੈ। ਪੱਛਮੀ ਸੈਕਟਰ ਦੇ ਸਾਰੇ ਏਅਰਬੇਸ ਹਾਈ ਅਲਰਟ 'ਤੇ ਹਨ। ਇੱਥੋਂ ਦਿਨ-ਰਾਤ ਲੜਾਈ ਗਸ਼ਤ ਕੀਤੀ ਜਾ ਰਹੀ ਹੈ। ਦੂਜੇ ਪਾਸੇ, ਬੀਐੱਸਐੱਫ ਨੇ ਜ਼ਮੀਨ 'ਤੇ ਆਪਣੀ ਗਸ਼ਤ ਵਧਾ ਦਿੱਤੀ ਹੈ। ਇਸ ਲਈ ਵਾਧੂ ਸੈਨਿਕ ਤਾਇਨਾਤ ਕੀਤੇ ਗਏ ਹਨ। ਸਿਪਾਹੀ ਜ਼ੀਰੋ ਲਾਈਨ ਦੇ ਨੇੜੇ ਕੰਡਿਆਲੀ ਤਾਰ ਦੇ ਗੇਟ ਨੂੰ ਖੋਲ੍ਹ ਕੇ ਆਪਣੀ ਜ਼ਮੀਨ 'ਤੇ ਗਸ਼ਤ ਕਰ ਰਹੇ ਹਨ। ਉਨ੍ਹਾਂ ਨੂੰ ਹਰ ਸ਼ੱਕੀ ਸਥਿਤੀ ਨਾਲ ਸਿੱਧੇ ਤੌਰ 'ਤੇ ਨਜਿੱਠਣ ਦੇ ਨਿਰਦੇਸ਼ ਦਿੱਤੇ ਗਏ ਹਨ। ਐਂਟੀ-ਡਰੋਨ ਸਿਸਟਮ ਨੂੰ ਵੀ 24 ਘੰਟੇ ਸਰਗਰਮ ਕੀਤਾ ਗਿਆ ਹੈ। ਦੂਜੇ ਪਾਸੇ, ਸਰਹੱਦ 'ਤੇ ਪਾਕਿ-ਸਤਾਨ ਦੇ ਪਿੰਡਾਂ ਵਿੱਚ ਪਾਕਿਸਤਾਨ ਦੀ ਫੌਜ ਦੀ ਆਵਾਜਾਈ ਵਧ ਗਈ ਹੈ। ਪਾਕਿਸਤਾਨੀ ਫੌਜ ਦੀ ਵੱਡੇ ਪੱਧਰ 'ਤੇ ਹਲਚਲ ਹੈ।

# ਉਤਰਾਖੰਡ ਵਿੱਚ ਹੈਲੀਕਾਪਟਰ ਹਾਦਸਾਗ੍ਰਸਤ, 5 ਦੀ ਮੌਤ, 2 ਗੰਭੀਰ

**ਉੱਤਰਕਾਸ਼ੀ।** ਉੱਤਰਾਖੰਡ ਦੇ ਉੱਤਰਕਾਸ਼ੀ ਵਿੱਚ ਵੀਰਵਾਰ ਨੂੰ ਇੱਕ ਹੈਲੀਕਾਪਟਰ ਹਾਦਸਾਗ੍ਰਸਤ ਹੋ ਗਿਆ। ਹੈਲੀਕਾਪਟਰ ਵਿੱਚ 7 ਲੋਕ ਸਵਾਰ ਸਨ। 5 ਯਾਤਰੀਆਂ ਦੀ ਮੌਤ ਹੋ ਗਈ, 2 ਗੰਭੀਰ ਜ਼ਖਮੀ ਹਨ। ਇਹ ਹਾਦਸਾ ਉੱਤਰਕਾਸ਼ੀ ਦੇ ਗੰਗਾਨੀ ਵਿੱਚ ਭਾਗੀਰਥੀ ਨਦੀ ਨੇੜੇ ਵਾਪਰਿਆ। ਹੈਲੀਕਾਪਟਰ ਗੰਗੋਤਰੀ ਧਾਮ ਜਾ ਰਿਹਾ ਸੀ। ਪ੍ਰਸ਼ਾਸਨ ਨੇ ਕਿਹਾ ਕਿ ਹੈਲੀਕਾਪਟਰ ਵਿੱਚ 4 ਪੁਰਸ਼ ਅਤੇ 2 ਔਰਤਾਂ ਸਨ। ਕੈਪਟਨ ਰੌਬਿਨ ਸਿੰਘ ਇਸਦਾ ਪਾਇਲਟ ਸੀ। ਹੈਲੀਕਾਪਟਰ ਨੇ ਦੇਹਰਾਦੂਨ ਦੇ ਸਹਸਤਧਾਰਾ ਹੈਲੀਪੈਡ ਤੋਂ ਸੈਲਾਨੀਆਂ ਨੂੰ ਲੈ ਕੇ ਉਡਾਨ ਭਰੀ। ਉਨ੍ਹਾਂ ਨੇ ਖਰਸਾਲੀ ਵਿਖੇ ਉਤਰਨਾ ਸੀ। ਖਰਸਾਲੀ ਤੋਂ, ਯਾਤਰੀਆਂ ਨੇ ਗੰਗੋਤਰੀ ਧਾਮ ਜਾਣਾ ਸੀ। ਹੈਲੀਕਾਪਟਰ ਵਿੱਚ ਸਵਾਰ ਯਾਤਰੀ ਮੁੰਬਈ ਅਤੇ ਆਂਧਰਾ ਪ੍ਰਦੇਸ਼ ਦੇ ਦੱਸੇ ਜਾ ਰਹੇ ਹਨ। ਉਨ੍ਹਾਂ ਵਿੱਚੋਂ ਚਾਰ ਮੁੰਬਈ ਅਤੇ ਦੋ ਆਂਧਰਾ ਪ੍ਰਦੇਸ਼ ਦੇ ਸਨ। ਹੈਲੀਕਾਪਟਰ ਨਿੱਜੀ ਕੰਪਨੀ ਏਅਰੋਟ੍ਰਾਂਸ ਸਰਵਿਸ ਦਾ ਸੀ।



ਪਿਛਲੇ ਕੁਝ ਦਿਨਾਂ ਤੋਂ ਉੱਤਰਾਖੰਡ ਵਿੱਚ ਮੌਸਮ ਖਰਾਬ ਹੈ। ਮੌਸਮ ਵਿਭਾਗ ਨੇ ਕਈ ਜ਼ਿਲ੍ਹਿਆਂ ਵਿੱਚ ਤੂਫ਼ਾਨ ਅਤੇ ਮੀਂਹ ਦੀ ਚਿਤਾਵਨੀ ਜਾਰੀ ਕੀਤੀ ਹੈ। ਚਾਰਧਾਮ ਯਾਤਰਾ ਰੂਟ 'ਤੇ ਕਈ ਥਾਵਾਂ 'ਤੇ ਹਲਕਾ ਮੀਂਹ ਪੈ ਰਿਹਾ ਹੈ। ਕੁਝ ਥਾਵਾਂ 'ਤੇ ਗਰਜ ਨਾਲ ਗੜੇ ਵੀ ਪਏ ਹਨ।

# ਪਾਕਿਸਤਾਨੀ ਗੋਲੀਬਾਰੀ ਵਿੱਚ ਹਰਿਆਣੇ ਦਾ ਪੁੱਤਰ ਸ਼ਹੀਦ, ਪੁੰਛ ਵਿੱਚ ਤਾਇਨਾਤ ਸੀ ਜਵਾਨ

**ਪਲਵਲ।** ਪਾਕਿਸਤਾਨੀ ਫ਼ੌਜ ਦੀ ਗੋਲੀਬਾਰੀ ਵਿੱਚ 5 ਫੀਲਡ ਰੈਜੀਮੈਂਟ ਦੇ ਲਾਂਸ ਨਾਇਕ ਦਿਨੇਸ਼ ਕੁਮਾਰ ਸ਼ਰਮਾ ਸ਼ਹੀਦ ਹੋ ਗਏ ਹਨ। ਅਧਿਕਾਰੀਆਂ ਅਨੁਸਾਰ, ਹਰਿਆਣਾ ਦੇ ਪਲਵਲ ਦੇ ਮੁਹੰਮਦਪੁਰ ਪਿੰਡ ਦਾ ਰਹਿਣ ਵਾਲਾ 32 ਸਾਲਾ ਜਵਾਨ ਦਿਨੇਸ਼ ਸ਼ਰਮਾ ਕੰਟਰੋਲ ਰੇਖਾ 'ਤੇ ਡਿਊਟੀ 'ਤੇ ਸੀ। ਪਾਕਿਸਤਾਨੀ ਫ਼ੌਜ ਨੇ ਬੁੱਧਵਾਰ ਨੂੰ ਜੰਮੂ-ਕਸ਼ਮੀਰ ਵਿੱਚ ਕੰਟਰੋਲ ਰੇਖਾ (ਐਲਓਸੀ) ਦੇ ਨੇੜੇ ਸਥਿਤ ਪਿੰਡਾਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਭਾਰੀ ਤੋਪਖਾਨੇ ਅਤੇ ਮੋਰਟਾਰ ਦੇ ਗੋਲੇ ਦਾਗੇ। ਇਸ ਗੋਲੀਬਾਰੀ ਵਿੱਚ ਲਾਂਸ ਨਾਇਕ ਦਿਨੇਸ਼ ਕੁਮਾਰ ਸ਼ਹੀਦ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸ਼ਹੀਦ ਸੈਨਿਕ ਨੂੰ ਸ਼ਰਧਾਂਜਲੀ ਭੇਟ ਕੀਤੀ ਹੈ। ਸੀਐਮ ਸੈਣੀ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਲਿਖਿਆ, "ਆਪ੍ਰੇਸ਼ਨ ਸਿੰਦੂਰ" ਤੋਂ ਬਾਅਦ, ਅੱਜ ਸਵੇਰੇ ਪੁੰਛ, ਜੰਮੂ ਵਿੱਚ, ਭਾਰਤ ਮਾਤਾ ਦੇ ਬਹਾਦਰ ਪੁੱਤਰ, ਹਰਿਆਣਾ ਦੇ ਪਲਵਲ ਦੇ ਪੁੱਤਰ, ਜਵਾਨ ਦਿਨੇਸ਼ ਕੁਮਾਰ ਸ਼ਰਮਾ ਜੀ ਨੇ



ਪਾਕਿਸਤਾਨ ਤੋਂ ਗੋਲੀਬਾਰੀ ਦਾ ਬਹਾਦਰੀ ਨਾਲ ਸਾਹਮਣਾ ਕਰਦੇ ਹੋਏ ਆਪਣੀ ਜਾਨ ਦੀ ਸਰਵਉੱਚ ਕੁਰਬਾਨੀ ਦਿੱਤੀ। ਦੇਸ਼ ਦੇ ਹਰ ਨਾਗਰਿਕ ਨੂੰ ਤੁਹਾਡੀ ਸ਼ਹਾਦਤ 'ਤੇ ਮਾਣ ਹੈ। ਇਹ ਦੇਸ਼ ਤੁਹਾਡੀ ਕੁਰਬਾਨੀ ਨੂੰ ਕਦੇ ਨਹੀਂ ਭੁੱਲੇਗਾ। ਇਸ ਸ਼ਹਾਦਤ ਨੂੰ ਮੇਰਾ ਸਲਾਮ। ਗੋਲੀਬਾਰੀ ਵਿੱਚ 4 ਹੋਰ ਸੈਨਿਕ ਜ਼ਖ਼ਮੀ ਹੋ ਗਏ। ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ 30 ਸਾਲਾ ਸ਼ਹੀਦ ਦਿਨੇਸ਼ ਕੁਮਾਰ ਸ਼ਰਮਾ ਜੰਮੂ-ਕਸ਼ਮੀਰ ਦੇ ਪੁੰਛ ਰਾਜੌਰੀ ਸਰਹੱਦ 'ਤੇ ਤਾਇਨਾਤ ਸਨ। ਸ਼ਹੀਦ ਦਿਨੇਸ਼ ਦੀ ਪਤਨੀ ਸੀਮਾ ਪੇਸ਼ੇ ਤੋਂ ਵਕੀਲ ਹੈ। ਉਹ ਇਨ੍ਹੀਂ ਦਿਨੀਂ ਗਰਭਵਤੀ ਹੈ। ਸ਼ਹੀਦ ਦਿਨੇਸ਼ ਕੁਮਾਰ ਪੰਜ ਭਰਾਵਾਂ ਵਿੱਚੋਂ ਸਭ ਤੋਂ ਵੱਡੇ ਸਨ। ਉਸ ਦੇ ਦੋ ਭਰਾਵਾਂ ਤੋਂ ਇਲਾਵਾ, ਤਿੰਨ ਚਚੇਰੇ ਭਰਾ ਵੀ ਫ਼ੌਜ ਵਿੱਚ ਭਰਤੀ ਹੋ ਕੇ ਦੇਸ਼ ਦੀ ਸੇਵਾ ਕਰ ਰਹੇ ਹਨ। ਸ਼ਹੀਦ ਦੇ ਪਿਤਾ ਦਯਾਚੰਦ ਨੇ ਕਿਹਾ ਕਿ ਮੈਨੂੰ ਆਪਣੇ ਪੁੱਤਰ 'ਤੇ ਮਾਣ ਹੈ। ਪੁੱਤਰ ਨੇ ਦੇਸ਼ ਦੀ ਰੱਖਿਆ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਉਨ੍ਹਾਂ ਕਿਹਾ ਕਿ ਸ਼ਹੀਦ ਦਿਨੇਸ਼ ਦੇ ਦੋ ਪੁੱਤਰਾਂ ਤੋਂ ਇਲਾਵਾ ਪੰਜ ਸਾਲ ਦਾ ਪੁੱਤਰ ਦਰਸ਼ਨ ਅਤੇ ਸੱਤ ਸਾਲ ਦੀ ਧੀ ਕਾਵਿਆ ਹੈ, ਜਿਨ੍ਹਾਂ ਨੂੰ ਉਹ ਦੇਸ਼ ਦੀ ਸੇਵਾ ਲਈ ਭੇਜਣਗੇ। ਉਨ੍ਹਾਂ ਕਿਹਾ ਕਿ ਦਿਨੇਸ਼ ਦਾ ਛੋਟਾ ਭਰਾ ਕਪਿਲ ਜੰਮੂ-ਕਸ਼ਮੀਰ ਵਿੱਚ ਤਾਇਨਾਤ ਹੈ ਅਤੇ ਹਰਦੱਤ ਭੋਪਾਲ ਵਿੱਚ ਤਾਇਨਾਤ ਹੈ। ਸਵੇਰੇ, ਫ਼ੌਜੀ ਅਧਿਕਾਰੀ ਨੇ ਸੱਟਾਂ ਬਾਰੇ ਦੱਸਿਆ ਸੀ। ਸਾਲ 2014 ਵਿੱਚ, ਦਿਨੇਸ਼ ਨੂੰ ਆਰਟਿਲਰੀ ਰੈਜੀਮੈਂਟ ਵਿੱਚ ਲਾਂਸ ਨਾਇਕ ਵਜੋਂ ਭਰਤੀ ਕੀਤਾ ਗਿਆ ਸੀ। ਜ਼ਿਲ੍ਹਾ ਡਿਪਟੀ ਕਮਿਸ਼ਨਰ ਡਾ. ਹਰੀਸ਼ ਕੁਮਾਰ ਨੇ ਕਿਹਾ ਕਿ ਅੰਤਿਮ ਸਸਕਾਰ ਉਨ੍ਹਾਂ ਦੇ ਜੱਦੀ ਪਿੰਡ ਵਿੱਚ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਲਾਹੌਰ-ਇਸਲਾਮਾਬਾਦ ਏਅਰਪੋਰਟ ਨੇ ਕਮਰਸ਼ੀਅਲ ਉਡਾਨਾਂ ਲਈ ਬੰਦ ਕੀਤਾ ਆਪਣਾ ਏਅਰਸਪੇਸ




**ਇਸਲਾਮਾਬਾਦ।** ਪਾਕਿਸਤਾਨ ਸਰਕਾਰ ਨੇ ਬੁੱਧਵਾਰ ਨੂੰ ਲਾਹੌਰ ਅਤੇ ਇਸਲਾਮਾਬਾਦ ਹਵਾਈ ਅੱਡਿਆਂ 'ਤੇ ਸਾਰੀਆਂ ਕਮਰਸ਼ੀਅਲ ਉਡਾਨਾਂ ਲਈ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ। ਪਾਕਿਸਤਾਨ ਏਅਰਪੋਰਟ ਅਥਾਰਟੀ (ਪੀਏਏ) ਨੇ ਬੁੱਧਵਾਰ ਦੇਰ ਰਾਤ ਇੱਕ ਬਿਆਨ ਵਿੱਚ ਕਿਹਾ ਕਿ ਲਾਹੌਰ ਅਤੇ ਇਸਲਾਮਾਬਾਦ ਹਵਾਈ ਅੱਡਿਆਂ 'ਤੇ ਸਾਰੀਆਂ ਕਮਰਸ਼ੀਅਲ ਉਡਾਨਾਂ ਲਈ ਦੇਸ਼ ਦਾ ਹਵਾਈ ਖੇਤਰ ਬੰਦ ਕਰ ਦਿੱਤਾ ਗਿਆ ਹੈ। ਹਾਲਾਂਕਿ, ਕਰਾਚੀ ਹਵਾਈ ਅੱਡੇ ਤੋਂ ਕਾਰਵਾਈਆਂ ਚੱਲ ਰਹੀਆਂ ਹਨ। ਇਸ ਤੋਂ ਪਹਿਲਾਂ ਬੁੱਧਵਾਰ ਨੂੰ ਪਾਕਿਸਤਾਨ ਨੇ ਭਾਰਤੀ ਫੌਜ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਦੇ ਕਬਜ਼ੇ ਵਾਲੇ ਕਸ਼ਮੀਰ (ਪੀਓਕੇ) ਵਿੱਚ ਅੱਤਵਾਦੀ ਕੈਂਪਾਂ 'ਤੇ ਹਮਲੇ ਤੋਂ ਬਾਅਦ 48 ਘੰਟਿਆਂ ਲਈ ਆਪਣਾ ਹਵਾਈ ਖੇਤਰ ਬੰਦ ਕਰਨ ਦਾ ਐਲਾਨ ਕੀਤਾ ਸੀ। ਪੀਏਏ ਨੇ ਕਿਹਾ ਕਿ ਉਸਨੇ ਭਾਰਤ ਦੀਆਂ ਲਾਪਰਵਾਹ ਅਤੇ ਭੜਕਾਊ ਕਾਰਵਾਈਆਂ ਕਾਰਨ ਸਿਵਲ ਹਵਾਬਾਜ਼ੀ ਸੁਰੱਖਿਆ ਨੂੰ ਪੈਦਾ ਹੋਏ "ਗੰਭੀਰ ਜ਼ੋਖਮ ਬਾਰੇ ਅੰਤਰਰਾਸ਼ਟਰੀ ਸਿਵਲ ਹਵਾਬਾਜ਼ੀ ਸੰਗਠਨ (ਆਈਸੀਏਓ) ਨੂੰ ਰਸਮੀ ਤੌਰ 'ਤੇ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾ ਦਿੱਤਾ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਵਿਦੇਸ਼-ਅਧਾਰਤ ਤਸਕਰ ਦੇ ਦੋ ਕਾਰਕੁਨ 10 ਕਿਲੋ ਹੈਰੋਇਨ ਅਤੇ ਇੱਕ ਲੱਖ ਰੁਪਏ ਦੀ ਡਰੱਗ ਮਨੀ ਸਮੇਤ ਗ੍ਰਿਫ਼ਤਾਰ

**ਚੰਡੀਗੜ੍ਹ/ਅੰਮ੍ਰਿਤਸਰ।** ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਿੱਢੀ ਗਈ ਨਸ਼ਾ ਵਿਰੋਧੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ (ਸੀਆਈ) ਅੰਮ੍ਰਿਤਸਰ ਨੇ ਵਿਦੇਸ਼-ਅਧਾਰਤ ਤਸਕਰ ਜੱਸਾ ਦੁਆਰਾ ਚਲਾਏ ਜਾ ਰਹੇ ਅੰਤਰਰਾਸ਼ਟਰੀ ਨਾਰਕੋ-ਤਸਕਰੀ ਮਾਡਿਊਲ ਦੇ ਭਾਰਤ-ਅਧਾਰਤ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕਰਕੇ ਇਸ ਨੈਟਵਰਕ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦਿਆਂ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਦੇ ਕਬਜ਼ੇ 'ਚੋਂ 10 ਕਿਲੋ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅੰਮ੍ਰਿਤਸਰ ਦੇ ਮਜੀਠਾ ਰੋਡ ਸਥਿਤ ਇੰਦਰਾ ਕਲੋਨੀ ਦੇ ਰਹਿਣ ਵਾਲੇ ਗੁਰਪਿੰਦਰ ਸਿੰਘ ਅਤੇ ਅੰਮ੍ਰਿਤਸਰ ਦੇ ਚੱਕ ਮਿਸ਼ਰੀ ਖਾਨ ਦੇ ਰਹਿਣ ਵਾਲੇ ਸਾਜਨ ਵਜੋਂ ਹੋਈ ਹੈ। ਪੁਲਿਸ ਟੀਮਾਂ ਨੇ ਉਨ੍ਹਾਂ ਦਾ ਕਾਲਾ ਹੀਰੋ ਸਪਲੈਂਡਰ ਮੋਟਰਸਾਈਕਲ (ਪੀਬੀ-02-ਈਐਮ-2025), ਜਿਸਦੀ ਵਰਤੋਂ ਉਹ ਨਸ਼ਿਆਂ ਦੀ ਤਸਕਰੀ ਲਈ ਕਰ ਰਹੇ ਸਨ, ਵੀ ਜ਼ਬਤ ਕਰ ਲਿਆ ਹੈ।ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਵਿਦੇਸ਼-ਅਧਾਰਤ ਮੁਲਜ਼ਮ ਜੱਸਾ ਨਸ਼ਿਆਂ ਅਤੇ ਹਥਿਆਰਾਂ ਦਾ ਤਸਕਰ ਹੈ, ਜੋ ਪੁਲਿਸ ਨੂੰ ਥਾਣਾ ਐਸਐਸਓਸੀ ਅੰਮ੍ਰਿਤਸਰ ਵਿਖੇ ਦਰਜ




ਐਨਡੀਪੀਐਸ ਐਕਟ ਅਤੇ ਅਸਲਾ ਐਕਟ ਤਹਿਤ ਕਈ ਕੇਸਾਂ ਵਿੱਚ ਲੋੜੀਂਦਾ ਹੈ।

ਜ਼ਿਕਰਯੋਗ ਹੈ ਕਿ ਸੀਆਈ ਅੰਮ੍ਰਿਤਸਰ ਵੱਲੋਂ ਪਿਛਲੇ ਦਸ ਦਿਨਾਂ ਵਿੱਚ ਬੇਨਕਾਬ ਕੀਤਾ ਗਿਆ ਹੈ ਤੀਜਾ ਮਡਿਊਲ ਹੈ, ਜਿਸਨੂੰ ਵਿਦੇਸ਼ ਅਧਾਰਤ ਤਸਕਰ ਜੱਸਾ ਦੁਆਰਾ ਚਲਾਇਆ ਜਾ ਰਿਹਾ ਸੀ। ਇਸ ਤੋਂ ਪਹਿਲਾਂ ਉਕਤ ਤਸਕਰ ਜੱਸਾ ਦੇ ਕਾਰਕੁਨ ਅਭਿਸ਼ੇਕ ਨੂੰ ਸੱਤ ਪਿਸਤੌਲਾਂ ਅਤੇ 1.5 ਲੱਖ ਰੁਪਏ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਇਸ ਤੋਂ ਕੁਝ ਦਿਨਾਂ ਬਾਅਦ ਪੁਲਿਸ ਟੀਮਾਂ ਨੇ ਜੱਸਾ ਦੇ ਫਰਾਰ ਸਾਥੀ ਜੋਧਬੀਰ ਸਿੰਘ ਉਰਫ ਜੋਧਾ ਦੇ ਟਿਕਾਣੇ ਤੋਂ 5 ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਡੀਜੀਪੀ ਨੇ ਕਾਰਵਾਈ ਦੇ ਵੇਰਵੇ ਸਾਂਝੇ ਕਰਦਿਆਂ ਦੱਸਿਆ ਕਿ ਪੁਲਿਸ ਨੂੰ ਪੁਖ਼ਤਾ ਜਾਣਕਾਰੀ ਮਿਲੀ ਸੀ ਕਿ ਮੁਲਜ਼ਮ ਗੁਰਪਿੰਦਰ ਅਤੇ ਸਾਜਨ ਅੰਮ੍ਰਿਤਸਰ ਦੇ ਐਸਕਾਰਟ ਹਸਪਤਾਲ ਨੇੜੇ ਬਾਈਪਾਸ ਵਾਲੇ ਇਲਾਕੇ ਵਿੱਚ ਕਿਸੇ ਹੋਰ ਧਿਰ ਨੂੰ ਹੈਰੋਇਨ ਦੀ ਵੱਡੀ ਖੇਪ ਪਹੁੰਚਾਉਣ ਜਾ ਰਹੇ ਹਨ, ਜਿਸ 'ਤੇ ਕਾਰਵਾਈ ਕਰਦਿਆਂ ਸੀਆਈ ਅੰਮ੍ਰਿਤਸਰ ਦੀਆਂ ਪੁਲਿਸ ਟੀਮਾਂ ਨੇ ਪ੍ਰਾਪਤ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਇਲਾਕੇ ਵਿੱਚ ਆਪ੍ਰੇਸ਼ਨ ਚਲਾਇਆ ਅਤੇ ਦੋਵਾਂ ਮੁਲਜ਼ਮਾਂ ਨੂੰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੇ ਮੋਟਰਸਾਈਕਲ 'ਤੇ ਖੇਪ ਦੀ ਡਲਿਵਰੀ ਕਰਨ ਜਾ ਰਹੇ ਸਨ।

ਉਨ੍ਹਾਂ ਅੱਗੇ ਕਿਹਾ ਕਿ ਉਕਤ ਮੁਲਜ਼ਮਾਂ ਦੀ ਤਲਾਸ਼ੀ ਦੌਰਾਨ ਪੁਲਿਸ ਨੂੰ ਉਨ੍ਹਾਂ ਤੋਂ 10 ਕਿਲੋ ਹੈਰੋਇਨ ਅਤੇ 1 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਹੋਈ। ਉਨ੍ਹਾਂ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮ ਆਪਣੇ ਵਿਦੇਸ਼-ਅਧਾਰਤ ਸੰਚਾਲਕ ਜੱਸਾ ਦੇ ਨਿਰਦੇਸ਼ਾਂ 'ਤੇ ਨਸ਼ਿਆਂ ਦੀ ਖੇਪ ਪਹੁੰਚਾਉਣ ਜਾ ਰਹੇ ਸਨ।

ਉਨ੍ਹਾਂ ਕਿਹਾ ਕਿ ਇਸ ਕੇਸ ਵਿੱਚ ਅਗਲੇ-ਪਿਛਲੇ ਸਬੰਧਾਂ ਦਾ ਪਤਾ ਲਗਾਉਣ ਲਈ ਅਗਲੇਰੀ ਜਾਂਚ ਜਾਰੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਤੇ ਬਰਾਮਦਗੀਆਂ ਹੋਣ ਦੀ ਸੰਭਾਵਨਾ ਹੈ।ਇਸ ਸਬੰਧੀ ਥਾਣਾ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸਐਸਓਸੀ), ਅੰਮ੍ਰਿਤਸਰ ਵਿਖੇ ਐਨਡੀਪੀਐਸ ਕਾਨੂੰਨ ਦੀਆਂ ਧਾਰਾਵਾਂ 21, 25, 27-ਏ ਅਤੇ 29 ਤਹਿਤ ਐਫਆਈਆਰ ਨੰਬਰ 30 ਮਿਤੀ 08.05.2025 ਦਰਜ ਕੀਤੀ ਗਈ ਹੈ।

## ਜੰਗ ਵੱਲ ਵੱਧ ਰਹੇ ਭਾਰਤ ਅਤੇ ਪਾਕਿਸਤਾਨ ਨੂੰ ਰੁਕਣਾ ਚਾਹੀਦਾ : ਟਰੰਪ



**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੁੱਧਵਾਰ (ਸਥਾਨਕ ਸਮੇਂ) ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੀ ਸਥਿਤੀ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਉਹ ਭਾਰਤ-ਪਾਕਿਸਤਾਨ ਸਰਹੱਦ 'ਤੇ ਤਣਾਅ ਘਟਾਉਣ ਲਈ ਹਰ ਸੰਭਵ ਮਦਦ ਦੀ ਪੇਸ਼ਕਸ਼ ਕਰਨਗੇ। ਟਰੰਪ ਨੇ ਕਿਹਾ ਕਿ ਭਾਰਤ ਅਤੇ ਪਾਕਿਸਤਾਨ ਦੋਨਾਂ ਨੂੰ ਇਸ ਸੰਕਟ ਦਾ ਹੱਲ ਲੱਭਣਾ ਚਾਹੀਦਾ ਹੈ।ਉਨ੍ਹਾਂ ਨੇ ਕਿਹਾ ਕਿ ਮੈਂ ਦੋਨਾਂ ਨਾਲ ਕੰਮ ਕਰਦਾ ਹਾਂ। ਮੈਂ ਉਨ੍ਹਾਂ ਦੋਨਾਂ ਨੂੰ ਚੰਗੀ ਤਰ੍ਹਾਂ ਜਾਣਦਾ ਹਾਂ ਅਤੇ ਜੰਗ ਵੱਲ ਵੱਧ ਰਹੇ ਰਹੇ ਦੋਨਾਂ ਦੇਸ਼ਾਂ ਨੂੰ ਰੁਕਣਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਭਾਰਤ ਨੇ ਬਦਲਾ ਲੈ ਲਿਆ ਹੈ, ਇਸ ਲਈ ਉਮੀਦ ਹੈ ਕਿ ਉਹ ਹੁਣ ਰੁਕ ਸਕਦੇ ਹਨ। ਪਰ ਮੈਂ ਜਾਣਦਾ ਹਾਂ ਕਿ ਅਸੀਂ ਦੋਨਾਂ ਦੇਸ਼ਾਂ ਨਾਲ ਮਿਲ ਕੇ ਬਹੁਤ ਵਧੀਆ ਕੰਮ ਕਰਦੇ ਹਾਂ। ਸਾਡੇ ਦੋਨਾਂ ਨਾਲ ਚੰਗੇ ਸਬੰਧ ਹਨ।ਜੇਕਰ ਮੈਂ ਮਦਦ ਲਈ ਕੁਝ ਕਰ ਸਕਦਾ ਹਾਂ, ਤਾਂ ਮੈਂ ਕਰਾਂਗਾ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸੁਖਸਾਗਰ ਸੁਸਾਇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾਂ ਸ਼ਹੀਦੀ ਸ਼ਤਾਬਦੀ ਨੂੰ ਮੁਫ਼ਤ ਮੈਡੀਕਲ ਕੈਂਪ ਲਾਇਆ

## ਜੱਥੇਦਾਰ ਨਿਮਾਣਾ ਨੇ ਮਨੁੱਖਤਾ ਦੇ ਭਲੇ ਲਈ ਮੁਫਤ ਮੈਡੀਕਲ ਕੈਂਪ ਦਾ ਕੀਤਾ ਉਦਘਾਟਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਸ੍ਰਿਸ਼ਟੀ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਜੀ ਦੀ 350 ਸਾਲਾ ਸ਼ਤਾਬਦੀ ਨੂੰ ਸਮਰਪਿਤ ਸੁਖਸਾਗਰ ਚੈਰੀਟੇਬਲ ਸੁਸਾਇਟੀ ਜਗਰਾਓਂ ਦੇ ਸਰਪ੍ਰਸਤ ਬਾਬਾ ਈਸ਼ਰ ਸਿੰਘ ਅਤੇ ਮੁੱਖ ਸੇਵਾਦਾਰ ਡਾਕਟਰ ਬਲਵਿੰਦਰ ਸਿੰਘ ਪਲਾਹਾ ਵੱਲੋਂ ਗੁਰਦੁਆਰਾ ਦਸਮੇਸ਼ ਗੁਰੂ ਨਾਨਕ ਸੇਵਕ ਸਭਾ, ਮਿਲਰ ਗੰਜ, ਮੈਟ੍ਰੋ (ਓਵਰਲਾਕ) ਰੋਡ, ਲੁਧਿਆਣਾ ਵਿਖੇ ਮੁਫ਼ਤ ਹੋਮਿਓਪੈਥਿਕ ਮੈਡੀਕਲ ਕੈਂਪ ਲਾਇਆ, ਮੁਫਤ ਦਵਾਈਆਂ ਵੰਡੀਆਂ ਗਈਆਂ। ਇਸ ਸਮੇਂ ਮਹਾਨ ਹੋਮਿਓਪੈਥਿਕ ਮੈਡੀਕਲ ਕੈਂਪ ਅਤੇ ਮੁਫ਼ਤ ਦਵਾਈਆਂ ਦੇ ਕੈਂਪ ਦਾ ਉਦਘਾਟਨ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘਨੱਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ:) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਨੇ ਕੀਤਾ। ਇਸ ਸ਼ੁੱਭ ਮੌਕੇ ਤੇ ਡਾਕਟਰ




ਬਲਵਿੰਦਰ ਸਿੰਘ ਨੇ ਦੱਸਿਆ ਕਿ ਮਨੁੱਖਤਾ ਦੇ ਭਲੇ ਲਈ ਲਾਏ ਗਏ ਮਹਾਨ ਮੈਡੀਕਲ ਕੈਂਪ ਲਾਰਡ ਮਹਾਂਵੀਰ ਮੈਡੀਕਲ ਕਾਲਜ ਦੇ ਡਾਕਟਰ ਸ਼ਾਇਨੀ ਚਾਲੋਤਰਾਂ ਦੀ ਟੀਮ ਦੇ ਸਹਿਯੋਗ ਨਾਲ 350 ਮਰੀਜ਼ਾਂ ਦੀ ਜਾਂਚ ਮੁਫਤ ਕੀਤੀ ਗਈ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ । ਸ਼ੂਗਰ ਟੈਸਟ ਤੇ ਪੰਜ ਗੁਰਦਿਆਂ ਦੇ ਟੈਸਟ ਬਿਲਕੁਲ ਮੁਫ਼ਤ ਕੀਤੇ ਗਏ ਤੇ ਆਮ ਲੋਕਾਂ ਨੂੰ ਸਿਹਤਮੰਦ ਜ਼ਿੰਦਗੀ ਜੀਣ ਸੰਬੰਧੀ ਚੰਗੀਆਂ ਆਦਤਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਤੇ ਕੁਲਦੀਪ ਸਿੰਘ, ਹਰਚੰਦ ਸਿੰਘ ਸਮੂਹ ਸੁੱਖ ਸਾਗਰ ਚੈਰੀਟੇਬਲ ਸੁਸਾਇਟੀ ਦੇ ਸਮੂਹ ਮੈਂਬਰ ਸਾਹਿਬਾਨ ਵੀ ਹਾਜ਼ਰ ਸਨ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪੂਰਵੀ ਭਾਰਤ ਵੱਲੋਂ ਸਨਮਾਨ ਸਮਾਰੋਹ ਕਰਵਾਇਆ

**ਲੁਧਿਆਣਾ/ਬਲਬੀਰ ਸਿੰਘ ਬੱਬੀ** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ ਵੱਲੋਂ ਦੇਸ਼ ਵਿਦੇਸ਼ਾਂ ਵਿੱਚ ਸਿੱਖ ਧਰਮ ਤੇ ਗੁਰਬਾਣੀ ਦੇ ਪ੍ਰਚਾਰ ਲਈ ਉਪਰਾਲੇ ਕੀਤੇ ਜਾਂਦੇ ਹਨ। ਇਸੇ ਲੜੀ ਦੇ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਪੂਰਵੀ ਭਾਰਤ ਦੁਆਰਾ ਪਿਛਲੇ 15 ਦਿਸੰਬਰ ਨੂੰ ਆਯੋਜਿਤ ਕੀਤੀ ਗਈ ਲਿਖਤ ਗੁਰਮਤਿ ਪ੍ਰੀਖਿਆ ਵਿੱਚ ਦਿੱਲੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨਿਊ ਮਹਾਂਵੀਰ ਨਗਰ, ਵਿਖੇ ਬਣਾਏ ਗਏ ਸੈਂਟਰ ਵਿੱਚ ਲਗਭਗ 40 ਜਾਂ 50 ਪ੍ਰਤੀਯੋਗੀਆਂ ਨੇ ਸ਼ਿਰਕਤ ਕੀਤੀ। ਜਿਨ੍ਹਾਂ ਵਿੱਚੋਂ ਬੀਬੀ ਰੁਪਿੰਦਰ ਕੌਰ , ਸੁਪਤਨੀ ਸਰਦਾਰ ਪਰਮਿੰਦਰ ਸਿੰਘ ਨੇ 83 ਅੰਕ ਪ੍ਰਾਪਤ ਕਰਕੇ ਧਲਵਾਸਾ ਇਨਾਮ* ਹਾਸਿਲ ਕੀਤਾ ਸੀ।ਦਿੱਲੀ ਸੈਂਟਰ ਨੂੰ ਸਤਿਕਾਰਯੋਗ ਵੀਰ ਡਾਕਟਰ ਦਲਜੀਤ ਸਿੰਘ ਜੀ ਦੁਆਰਾ ਭੇਜੇ ਗਏ ਕੈਸ਼ ਪ੍ਰਾਈਜ, ਸਰਟੀਫਿਕੇਟ ਅਤੇ ਬੁਕ ਸੈਟ ਨਾਲ ਕੱਲ੍ਹ 29 ਅਪ੍ਰੈਲ, 2025 ਨੂੰ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਨੀਊ ਮਹਾਂਵੀਰ ਨਗਰ, ਗਲੀ ਨੰਬਰ 7 ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੌਜੂਦਗੀ ਵਿੱਚ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਵਿੱਚ ਸਨਮਾਨਿਤ ਕੀਤਾ ਗਿਆ। ਦਿੱਲੀ ਵਿਖੇ ਇਸ ਆਯੋਜਨ ਨੂੰ ਸਫਲਤਾ ਪੂਰਵਕ ਸੰਪੰਨ ਕਰਾਉਣ ਲਈ ਗੁਰਮੀਤ ਕੌਰ ਮੀਤ (ਸਲਾਹਕਾਰ) ਭਾਈ ਗੁਰਵਿੰਦਰ ਸਿੰਘ ਜੀ (ਹੈੱਡ. ਗ੍ਰੰਥੀ ਜੀ ਅਤੇ ਮੁੱਖ ਆਯੋਜਕ), ਸਰਦਾਰ ਹਰਸ਼ਰਨ ਸਿੰਘ ਤੇ ਸਰਦਾਰ ਅਮਰਜੀਤ ਸਿੰਘ ਜੀ (ਧਰਮ ਪ੍ਰਚਾਰ ਕਮੇਟੀ ਮੈਂਬਰ), ਸਰਦਾਰ ਮਨਜੀਤ ਸਿੰਘ ਜੀ (ਸਕੱਤਰ ਸਾਹਿਬ) ਸਰਦਾਰ ਇਕਬਾਲ ਸਿੰਘ ਜੀ( ਪ੍ਰਧਾਨ ਸਾਹਿਬ), ਸਰਦਾਰ ਗੁਲਵਿੰਦਰ ਸਿੰਘ ਜੀ(ਮੀਤ ਪ੍ਰਧਾਨ ਸਾਹਿਬ) ਦਾ ਬਹੁਤ ਬਹੁਤ ਧੰਨਵਾਦ। ਇਨਾਮ ਵੰਡ ਸਮਾਗਮ ਸਮੇਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਦਿੱਲੀ ਸਟੇਟ ਵੱਲੋਂ ਸਰਦਾਰ ਕੰਵਲਜੀਤ ਸਿੰਘ(ਸਟੇਟ ਪ੍ਰਧਾਨ), ਬੀਬੀ ਸੁਖਵਿੰਦਰ ਕੌਰ ਜੀ (ਮੀਤ ਪ੍ਰਧਾਨ), ਹਰਚਰਣ ਕੌਰ(ਸਟੇਟ ਸਕੱਤਰ) ਨੇ ਵੀ ਉਚੇਚਾ ਤੌਰ ਤੇ ਸ਼ਮੂਲੀਅਤ ਕੀਤੀ ਤੇ ਪ੍ਰਤੀਯੋਗੀਆਂ ਨੂੰ ਹੌਂਸਲਾ ਅਫਜਾਈ ਦਿੰਦਿਆਂ ਇਨਾਮਾਂ ਦੀ ਵੰਡ ਕੀਤੀ।

ਇਸ ਪੂਰੇ ਉਪਰਾਲੇ ਨੂੰ ਸਫਲ ਬਣਾਉਣ ਲਈ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪੂਰਵੀ ਭਾਰਤ ਦੇ ਵੀਰ ਡਾਕਟਰ ਦਲਜੀਤ ਸਿੰਘ ਜੀ ਦਾ ਧੰਨਵਾਦ ਕੀਤਾ।

# ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ : ਡਾ ਆਸ਼ੀਸ਼ ਸਰੀਨ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** ਪਿਛਲੇ ਦਿਨੀਂ ਪਹਿਲਗਾਮ ਵਿੱਚ ਵਾਪਰੀ ਮੰਦਭਾਗੀ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਵਿਚਕਾਰ ਤਣਾਅ ਕਾਫ਼ੀ ਵੱਧ ਗਿਆ ਹੈ। ਸਰਹੱਦਾਂ 'ਤੇ ਸੁਰੱਖਿਆ ਵਧਾ ਦਿੱਤੀ ਗਈ ਹੈ ਅਤੇ ਦੋਵੇਂ ਦੇਸ਼ ਇੱਕ ਦੂਜੇ 'ਤੇ ਦੋਸ਼ ਲਗਾ ਰਹੇ ਹਨ। ਅਜਿਹੇ ਸੰਵੇਦਨਸ਼ੀਲ ਸਮੇਂ ਵਿੱਚ, ਜੰਗ ਵਰਗਾ ਮਾਹੌਲ ਬਣਿਆ ਹੋਇਆ ਹੈ, ਇਹ ਵੇਖ ਕੇ ਹੈਰਾਨੀ ਹੁੰਦੀ ਹੈ ਕਿ ਸੋਸ਼ਲ ਮੀਡੀਆ 'ਤੇ ਦੋਵਾਂ ਦੇਸ਼ਾਂ ਦੇ ਕੁਝ ਲੋਕ ਇਸ ਸਥਿਤੀ ਨੂੰ ਮਜ਼ਾਕ ਬਣਾ ਰਹੇ ਹਨ। ਇਸ ਤੋਂ ਵੀ ਵੱਧ ਚਿੰਤਾ ਦੀ ਗੱਲ ਇਹ ਹੈ ਕਿ ਕੁਝ ਟੀ ਵੀ ਨਿਊਜ਼ ਚੈਨਲ ਵੀ ਭੜਕਾਊ ਅਤੇ ਡਰਾਉਣ ਵਾਲੀਆਂ ਖ਼ਬਰਾਂ ਦਿਖਾ ਰਹੇ ਹਨ, ਜਿਸ ਨਾਲ ਲੋਕਾਂ ਵਿੱਚ ਹੋਰ ਵੀ ਡਰ ਅਤੇ ਗੁੱਸੇ ਦਾ ਮਾਹੌਲ ਪੈਦਾ ਹੋ ਰਿਹਾ ਹੈ ਇਹ ਵਿਚਾਰ "ਹਿਜ਼ ਐਕਸੀਲੈਂਟ ਐਂਡ ਕੋਚਿੰਗ ਸੈਂਟਰ" ਦੇ ਐਮਡੀ ਅਤੇ ਉੱਘੇ ਸਮਾਜ ਸੇਵਕ ਡਾ. ਆਸ਼ੀਸ਼ ਸਰੀਨ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ। । ਉਹਨਾਂ ਕਿਹਾ ਕਿ

ਇਹ ਸੱਚਮੁੱਚ ਹੀ ਦੁਖਦਾਈ ਗੱਲ ਹੈ ਕਿ ਕੁਝ ਲੋਕ ਜੰਗ ਵਰਗੀ ਗੰਭੀਰ ਸਥਿਤੀ ਦੀ ਸੰਵੇਦਨਸ਼ੀਲਤਾ ਨੂੰ ਨਹੀਂ ਸਮਝ ਰਹੇ। ਉਨ੍ਹਾਂ ਨੂੰ ਸ਼ਾਇਦ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਜੰਗ ਕੋਈ ਖੇਡ ਨਹੀਂ ਹੈ।ਉਹਨਾਂ ਕਿਹਾ ਕਿ ਜੰਗ ਆਪਣੇ ਨਾਲ ਤਬਾਹੀ, ਮੌਤਾਂ ਅਤੇ ਬੇਘਰ ਹੋਣ ਵਰਗੇ ਭਿਆਨਕ ਨਤੀਜੇ ਲੈ ਕੇ ਆਉਂਦੀ ਹੈ। ਇਸ ਦਾ ਸਭ ਤੋਂ ਵੱਧ ਨੁਕਸਾਨ ਦੋਵਾਂ ਦੇਸ਼ਾਂ ਦੇ ਆਮ



ਨਾਗਰਿਕਾਂ ਨੂੰ ਝੱਲਣਾ ਪੈਂਦਾ ਹੈ। ਉਹਨਾਂ ਕਿਹਾ ਕਿ ਜੰਗ ਵਿੱਚ ਸਿਰਫ਼ ਸਰਹੱਦਾਂ 'ਤੇ ਲੜ ਰਹੇ ਸੈਨਿਕ ਹੀ ਨਹੀਂ ਮਰਦੇ, ਸਗੋਂ ਬੇਕਸੂਰ ਲੋਕ ਵੀ ਇਸ ਜੰਗ ਦੀ ਭੇਟ ਚੜ੍ਹਦੇ ਹਨ ਪਰਿਵਾਰ ਉੱਜੜ ਜਾਂਦੇ ਹਨ, ਬੱਚੇ ਯਤੀਮ ਹੋ ਜਾਂਦੇ ਹਨ ਅਤੇ ਬਜ਼ੁਰਗ ਬੇਸਹਾਰਾ ਹੋ ਜਾਂਦੇ ਹਨ ਅਤੇ ਜੰਗ ਨਾਲ ਦੇਸ਼ ਦੀ ਆਰਥਿਕਤਾ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਜਾਂਦੀ ਹੈ। ਵਿਕਾਸ ਦੇ ਕੰਮ ਰੁਕ ਜਾਂਦੇ ਹਨ ਅਤੇ ਗਰੀਬੀ ਹੋਰ ਵੱਧ ਜਾਂਦੀ ਹੈ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ ਇੱਕ ਅਜਿਹਾ ਪਲੇਟਫਾਰਮ ਹੈ ਜਿੱਥੇ ਲੋਕ ਆਪਣੀ ਰਾਏ ਜ਼ਾਹਰ ਕਰ ਸਕਦੇ ਹਨ। ਪਰ ਇਸ ਦਾ ਇਹ ਮਤਲਬ ਨਹੀਂ ਕਿ ਕਿਸੇ ਵੀ ਗੰਭੀਰ ਮੁੱਦੇ ਦਾ ਮਜ਼ਾਕ ਉਡਾਇਆ ਜਾਵੇ। ਉਹਨਾ ਕਿਹਾ ਕਿ ਖਾਸ ਕਰਕੇ ਜਦੋਂ ਗੱਲ ਦੋ ਦੇਸ਼ਾਂ ਦੇ ਸੰਬੰਧਾਂ ਅਤੇ ਸੰਭਾਵਿਤ ਜੰਗ ਦੀ ਹੋਵੇ, ਤਾਂ ਸਾਨੂੰ ਬਹੁਤ ਜ਼ਿਆਦਾ ਜ਼ਿੰਮੇਵਾਰੀ ਨਾਲ ਆਪਣੀ ਗੱਲ ਰੱਖਣੀ ਚਾਹੀਦੀ ਹੈ। ਇਸ ਦੇ ਨਾਲ ਹੀ, ਟੀ ਵੀ ਚੈਨਲਾਂ ਨੂੰ ਵੀ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ ਅਤੇ ਅਜਿਹੀਆਂ ਖ਼ਬਰਾਂ ਦਿਖਾਉਣ ਤੋਂ ਬਚਣਾ ਚਾਹੀਦਾ ਹੈ ਜੋ ਲੋਕਾਂ ਵਿੱਚ ਡਰ ਅਤੇ ਭੜਕਾਹਟ ਪੈਦਾ ਕਰਨ ਟੀ ਵੀ ਚੈਨਲਾਂ ਨੂੰ ਸਹੀ ਅਤੇ ਸੰਤੁਲਿਤ ਜਾਣਕਾਰੀ ਦੇਣ 'ਤੇ ਧਿਆਨ ਦੇਣਾ ਚਾਹੀਦਾ ਹੈ।ਉਹਨਾਂ ਕਿਹਾ ਕਿ ਸਾਨੂੰ ਇਹ ਸਮਝਣਾ ਹੋਵੇਗਾ ਕਿ ਭਾਰਤ ਅਤੇ ਪਾਕਿਸਤਾਨ ਦੋਵੇਂ ਹੀ ਗੁਆਂਢੀ ਦੇਸ਼ ਹਨ। ਸਾਨੂੰ ਆਪਸੀ ਸਹਿਯੋਗ ਅਤੇ ਸ਼ਾਂਤੀ ਨਾਲ ਰਹਿਣ ਦੀ ਲੋੜ ਹੈ। ਜੰਗ ਕਿਸੇ ਵੀ ਸਮੱਸਿਆ ਦਾ ਹੱਲ ਨਹੀਂ ਹੈ ਜੰਗ ਨਾਲ ਸਿਰਫ਼ ਦੁੱਖ ਅਤੇ ਤਬਾਹੀ ਹੀ ਲੈਕੇ ਆਉਂਦੀ ਹੈ। ਉਹਨਾਂ ਕਿਹਾ ਕਿ ਸੋਸ਼ਲ ਮੀਡੀਆ 'ਤੇ ਮਜ਼ਾਕ ਉਡਾਉਣ ਵਾਲੇ ਲੋਕਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਇਸ ਬੇਸਮਝੀ ਭਰੀ ਹਰਕਤ ਨਾਲ ਦੋਵਾਂ ਦੇਸ਼ਾਂ ਦੇ ਉਨ੍ਹਾਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚ ਸਕਦੀ ਹੈ ਜੋ ਪਹਿਲਾਂ ਹੀ ਤਣਾਅ ਅਤੇ ਡਰ ਦੇ ਮਾਹੌਲ ਵਿੱਚ ਜੀ ਰਹੇ ਹਨ। ਉਹਨਾਂ ਕਿਹਾ ਕਿ ਇਸ ਲਈ, ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਸਾਰੇ ਜ਼ਿੰਮੇਵਾਰੀ ਨਾਲ ਵਿਵਹਾਰ ਕਰੀਏ ਅਤੇ ਅਜਿਹੇ ਕਿਸੇ ਵੀ ਕੰਮ ਤੋਂ ਬਚੀਏ ਜੋ ਦੋਵਾਂ ਦੇਸ਼ਾਂ ਦੇ ਵਿਚਕਾਰ ਤਣਾਅ ਨੂੰ ਹੋਰ ਵਧਾ ਸਕਦਾ ਹੈ। ਸਾਨੂੰ ਸ਼ਾਂਤੀ ਅਤੇ ਸਦਭਾਵਨਾ ਨੂੰ ਬਣਾਈ ਰੱਖਣ ਲਈ ਹਰ ਸੰਭਵ ਕੋਸ਼ਿਸ਼ ਕਰਨੀ ਚਾਹੀਦੀ ਹੈ। ਯਾਦ ਰੱਖੋ, ਜੰਗ ਕਿਸੇ ਲਈ ਵੀ ਲਾਭਦਾਇਕ ਨਹੀਂ ਹੁੰਦੀ, ਇਸ ਨਾਲ ਸਿਰਫ਼ ਤੇ ਸਿਰਫ਼ ਨੁਕਸਾਨ ਹੀ ਹੁੰਦਾ ਹੈ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ : ਕੁਲਵਿੰਦਰ ਸਿੰਘ ਜੰਡਾ



**ਹੁਸ਼ਿਆਰਪੁਰ (ਤਰਸੇਮ ਦੀਵਾਨਾ )** ਭਾਰਤ ਅਤੇ ਪਾਕਿਸਤਾਨ ਵਿਚਕ-ਾਰ ਪੈਦਾ ਹੋਈ ਤਲਖ਼ੀ ਅਤੇ ਇੱਕ ਦੂਜੇ ਉੱਤੇ ਕੀਤੇ ਗਏ ਹਮਲਿਆਂ ਦੌਰਾਨ ਕਸ਼ਮੀਰ ਦੇ ਪੁੰਛ ਖੇਤਰ ਵਿੱਚ ਮਾਰੇ ਗਏ ਸਿੱਖਾਂ ਤੇ ਹੋਰ ਲੋਕਾਂ ਅਤੇ ਪੁੰਛ ਦੇ ਗੁਰਦੁਆਰਾ ਸਾਹਿਬ ਉੱਤੇ ਕੀਤੇ ਗਏ ਹਮਲੇ ਸਹਿਣਯੋਗ ਨਹੀਂ ਹਨ ਇਹ ਵਿਚਾਰ "ਸੱਭਿਆਚਾਰ ਸੰਭਾਲ ਸੁਸਾਇਟੀ" ਦੇ ਪ੍ਰਧਾਨ ਕੁਲਵਿੰਦਰ ਸਿੰਘ ਜੰਡਾ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ । ਉਹਨਾਂ ਕਿਹਾ ਕਿ ਭਾਰਤ ਵੱਲੋਂ ਕੀਤੇ ਗਏ ਆਪ੍ਰੇਸ਼ਨ ਸਿੰਦੂਰ ਦੇ ਜਵਾਬੀ ਹਮਲੇ ਵਿੱਚ ਪਾਕਿਸਤਾਨ ਵੱਲੋਂ ਪੁੰਛ ਵਿਖੇ ਕੀਤੀ ਗਈ ਗੋਲਾਬਾਰੀ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਕੇਂਦਰੀ ਉੱਤੇ ਹਮਲਾ ਕੀਤਾ ਗਿਆ ਹੈ, ਇਸ ਦੌਰਾਨ ਤਿੰਨ ਵਿਅਕਤੀ ਰਾਗੀ ਅਮਰੀਕ ਸਿੰਘ , ਭਾਈ ਅਮਰਜੀਤ ਸਿੰਘ ਸਾਬਕਾ ਫੌਜੀ,ਭਾਈ ਰਣਜੀਤ ਸਿੰਘ ਅਤੇ ਸਥਾਨਕ ਦੁਕਾਨਦਾਰ ਮਾਰੇ ਗਏ ਹਨ। ਇਸ ਤੋਂ ਇਲਾਵਾ ਨਜ਼ਦੀਕੀ ਮਾਨਕੋਟ ਖੇਤਰ ਵਿੱਚ ਇੱਕ ਔਰਤ ਰੂਬੀ ਕੌਰ ਅਤੇ ਹੋਰ ਲੋਕ ਵੀ ਮਾਰੇ ਗਏ ਹਨ । ਉਹਨਾਂ ਪੁੰਛ ਵਿਖੇ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਅਤੇ ਪਰਿਵਾਰਾਂ ਨੂੰ ਮਾਲਕ ਦਾ ਭਾਣਾ ਮੰਨਣ ਦਾ ਬਲ ਬਖ਼ਸ਼ਣ ਲਈ ਮਾਲਕ ਅੱਗੇ ਅਰਦਾਸ ਵੀ ਕੀਤੀ।ਉਹਨਾਂ ਕਿਹਾ ਕਿ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਤੁਰੰਤ ਸ਼ਾਂਤੀ ਬਹਾਲ ਕਰਨ ਲਈ ਸੰਜੀਦਾ ਯਤਨ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਜੰਗ ਹਮੇਸ਼ਾ ਹੀ ਮਨੁੱਖਤਾ ਦਾ ਵੱਡਾ ਘਾਣ ਕਰਦੀ ਹੈ ਜਿਸ ਵਿੱਚ ਬੇਗੁਨਾਹ ਲੋਕ ਹੀ ਵੱਡੀ ਗਿਣਤੀ ਵਿੱਚ ਮਾਰੇ ਜਾਂਦੇ ਹਨ। ਇਸ ਲਈ ਮੌਜੂਦਾ ਸਥਿਤੀ ਨੂੰ ਸ਼ਾਂਤੀਪੂਰਵਕ ਕਰਨ ਲਈ ਵੱਧ ਤੋਂ ਵੱਧ ਯਤਨ ਹੋਣੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ਾਂ ਨੇ 1947 ਤੋਂ ਲੈ ਕੇ ਹੁਣ ਤੱਕ ਆਪਸੀ ਕੁੜੱਤਣ ਕਾਰਨ ਵੱਡੇ ਨੁਕਸਾਨ ਝੱਲੇ ਹਨ, ਜਿਸ ਵਿੱਚ ਖ਼ਾਸਕਰ ਪੰਜਾਬ ਅਤੇ ਜੰਮੂ ਕਸ਼ਮੀਰ ਵਿੱਚ ਇਨਸ਼ਾਨੀਅਤ ਦਾ ਵੱਡਾ ਨੁਕਸਾਨ ਹੋਇਆ ਹੈ ।ਉਹਨਾਂ ਕਿਹਾ ਕਿ ਬਾਰਡਰ ਉੱਤੇ ਵੱਸਦੇ ਲੋਕ ਇਸ ਤਣਾਅ ਵਾਲੀ ਸਥਿਤੀ ਵਿੱਚ ਇੱਕ ਦੂਜੇ ਦਾ ਸਾਥ ਦੇਣ ਅਤੇ ਗੁਰਬਾਣੀ ਦਾ ਓਟ ਆਸਰਾ ਲੈ ਕੇ ਹੌਸਲਾ ਬਣਾਈ ਰੱਖਣ ਅਤੇ ਸ਼ਾਂਤੀ ਬਹਾਲੀ ਲਈ ਮਾਲਕ ਅੱਗੇ ਅਰਦਾਸ ਕਰਨ । ਉਹਨਾਂ ਮਾਲਕ ਅੱਗੇ ਦੂਆ ਕੀਤੀ ਕਿ ਦੋਵਾਂ ਦੇਸ਼ਾਂ ਅੰਦਰ ਹਮੇਸ਼ਾ ਅਮਨ ਸ਼ਾਂਤੀ ਬਣੀ ਰਹੇ।

# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਪੂੰਨੂ ਮਜਾਰੇ ਵਿੱਚ ਚੁਣੀ ਨਵੀਂ ਕਮੇਟੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਨਵੀਂ ਕਮੇਟੀ ਦੀ ਚੋਣ ਕੀਤੀ ਗਈ। ਇਸ ਮੌਕੇ ਇਲਾਕਾ ਆਗੂ ਸਤਨਾਮ ਸਿੰਘ ਲਾਡੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਪੰਜਾਬ ਦਾ ਹਰ ਵਰਗ ਸਰਕਾਰ ਦੇ ਕੰਮ ਤੋਂ ਨਿਰਾਸ਼ ਹੈ ਤੇ ਆਪਣੀਆਂ ਮੰਗਾਂ ਤੇ ਮਸਲਿਆਂ ਨੂੰ ਪੂਰਾ ਕਰਨ ਲਈ ਲਗਾਤਰ ਸੰਘਰਸ਼ ਕਰ ਰਿਹਾ ਹੈ। ਆਗੂ ਤੇ ਪਿੰਡ ਵਾਸੀਆਂ ਨੇ ਬੀਤੇ ਕੱਲ ਮੁੱਖ ਮੰਤਰੀ ਦੇ ਬਿਆਨ ਦੇ ਜ਼ੋਰਦਾਰ ਸ਼ਬਦਾਂ ਵਿੱਚ ਨਿਖੇਧੀ ਕੀਤੀ ਤੇ ਕਿਹਾ ਕਿ ਹਰ ਵਰਗ ਨੂੰ ਧਰਨੇ ਪ੍ਰਦਰਸ਼ਨ ਕਰਨ ਦਾ ਅਧਿਕਾਰ ਹੈ ।ਸਰਕਾਰ ਨੂੰ ਇਹੋ ਜਿਹੇ ਬਿਆਨ ਦੇਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਨਹੀਂ ਤਾਂ ਆਉਣ ਵੇਲੇ ਦਿਨਾਂ ਵਿੱਚ ਤਿੱਖੇ ਸੰਘਰਸ਼ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਮੌਕੇ ਆਗੂ ਨੇ ਇਹ ਵੀ ਕਿਹਾ ਕਿ ਹੁਣ ਪੰਜਾਬ ਸਰਕਾਰ ਦਾ ਚਿਹਰਾ ਨੰਗਾ ਹੋ ਗਿਆ ਹੈ ਤੇ ਝੂਠੇ ਤੇ ਨਕਲੀ ਇਨਕਲਾਬ ਵਾਲੀ ਸਰਕਾਰ ਬਿਲਕੁਲ ਫ਼ੇਲ ਹੋ ਚੁੱਕੀ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਬਿਨਾ ਸੰਘਰਸ਼ ਤੋਂ ਨਹੀਂ ਹੋਣਾ। ਇਸ ਲਈ ਸਾਨੂੰ ਇਕੱਠੇ ਹੋਕੇ ਸੰਘਰਸ਼ ਕਰਨ ਦੀ ਲੋੜ ਹੈ ਤੇ ਇੱਕ ਵੱਡੀ ਲਾਮਬੰਦੀ ਦੀ ਲੋੜ ਹੈ। ਜਿਸਦੇ ਤਹਿਤ ਪਿੰਡ ਚ ਕਮੇਟੀ ਬਣਾਈ ਗਈ ਤੇ ਕਰਿਸ਼ਨਾ ਦੇਵੀ ਨੂੰ ਪ੍ਰਧਾਨ ਬਣਾਇਆ ਗਿਆ ਤੇ ਮੋਹਣ ਲਾਲ ਨੂੰ ਸੈਕਟਰੀ ਤੇ ਲੱਛਮੀ ਦੇਵੀ ਨੂੰ ਖਜ਼ਾਨਚੀ ਬਣਾਇਆ ਗਿਆ। ਇਸ ਤੋਂ ਇਲਾਵਾ ਅੰਗਰੇਜ਼ ਕੌਰ, ਸੱਤਿਆ ,ਸੀਲਾ ਦੇਵੀ, ਤਰਸੇਮ ਕੌਰ, ਕਮਲਜੀਤ ਕੌਰ, ਹਰਭਜਨ ਕੌਰ ਹਾਜ਼ਿਰ ਸਨ।

# ਆਪ੍ਰੇਸ਼ਨ ਸਿੰਦੂਰ ਦੀ ਸਫਲਤਾ 'ਤੇ ਭਾਰਤੀ ਫੌਜ ਨੂੰ ਸਲਾਮ - ਸੰਜੀਵ ਅਰੋੜਾ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਮੁਖੀ ਅਤੇ ਉੱਘੇ ਸਮਾਜ ਸੇਵਕ ਸੰਜੀਵ ਅਰੋੜਾ ਦੀ ਪ੍ਰਧਾਨਗੀ ਹੇਠ ਆਪ੍ਰੇਸ਼ਨ ਸਿੰਦੂਰ ਦੀ ਸਫਲਤਾ 'ਤੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਕੇਂਦਰ ਸਰਕਾਰ ਵੱਲੋਂ ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰਨ ਅਤੇ ਅੱਤਵਾਦੀ ਦੇਸ਼ ਪਾਕਿਸਤਾਨ ਨੂੰ ਸਬਕ ਸਿਖਾਉਣ ਦੇ ਸਫਲ ਯਤਨਾਂ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਓਨੀ ਹੀ ਪ੍ਰਸ਼ੰਸਾ ਨਹੀਂ ਕੀਤੀ ਜਾ ਸਕਦੀ। ਇਸ ਮੌਕੇ 'ਤੇ ਚੀਫ਼ ਸੰਜੀਵ ਅਰੋੜਾ ਨੇ ਭਾਰਤੀ ਫੌਜ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਜਿਸ ਤਰ੍ਹਾਂ ਸਾਡੀ ਫੌਜ ਨੇ ਪਾਕਿਸਤਾਨ ਵਿੱਚ ਚੱਲ ਰਹੇ 9 ਅੱਤਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ ਹੈ, ਉਸ ਨਾਲ ਹਰ ਭਾਰਤੀ ਨਾਗਰਿਕ ਦਾ ਮਨੋਬਲ ਵਧਿਆ ਹੈ, ਜਿਸ ਲਈ ਅਸੀਂ ਭਾਰਤੀ ਫੌਜ ਨੂੰ ਸਲਾਮ ਕਰਦੇ ਹਾਂ ਅਤੇ ਹਰ ਭਾਰਤੀ ਨੂੰ ਫੌਜ ਦੀ ਬਹਾਦਰੀ 'ਤੇ ਮਾਣ ਹੈ। ਅਰੋੜਾ ਨੇ ਕਿਹਾ ਕਿ ਪਹਿਲਗਾਮ ਵਿੱਚ 26 ਹਿੰਦੂਆਂ ਨੂੰ ਉਨ੍ਹਾਂ ਦਾ ਧਰਮ ਪੁੱਛਣ 'ਤੇ ਗੋਲੀ ਮਾਰ ਦਿੱਤੀ ਗਈ, ਇਸ ਤਰ੍ਹਾਂ ਬਹੁਤ ਸਾਰੀਆਂ ਔਰਤਾਂ ਦੀ ਜ਼ਿੰਦਗੀ ਬਰਬਾਦ ਹੋ ਗਈ ਅਤੇ ਭਾਰਤ ਨੇ ਇਸਦਾ ਬਦਲਾ ਲਿਆ ਹੈ। ਜਿਸ ਵਿੱਚ ਉਨ੍ਹਾਂ ਭੈਣਾਂ ਅਤੇ ਮਾਵਾਂ ਨੇ ਆਪਣੇ ਪਤੀ ਗੁਆ ਦਿੱਤੇ। ਇਸ ਕਾਰਵਾਈ ਨਾਲ ਉਸਦਾ ਮਨੋਬਲ ਵਧੇਗਾ ਅਤੇ ਉਸਨੇ ਕਿਹਾ ਕਿ ਜਦੋਂ ਸਾਡੇ ਕਿਸੇ ਕਰੀਬੀ ਦੀ ਮੌਤ ਹੋ ਜਾਂਦੀ ਹੈ, ਤਾਂ ਸਾਨੂੰ ਇਸ ਦੇ ਦਰਦ ਦਾ ਅਹਿਸਾਸ ਹੁੰਦਾ ਹੈ। ਹੁਣ ਅੱਤਵਾਦੀ ਅਜ਼ਹਰ ਫੁੱਟ-ਫੁੱਟ ਕੇ ਰੋ ਰਿਹਾ ਹੈ ਕਿਉਂਕਿ ਉਸਦੇ ਪਰਿਵਾਰ ਦੇ 10 ਮੈਂਬਰ ਮਰ ਗਏ ਹਨ ਅਤੇ ਉਸਨੂੰ ਹੁਣ ਪਤਾ ਲੱਗੇਗਾ ਕਿ ਆਪਣੇ ਅਜ਼ੀਜ਼ਾਂ ਨੂੰ ਗੁਆਉਣਾ ਕਿੰਨਾ ਦੁਖਦਾਈ ਹੁੰਦਾ ਹੈ। ਅਰੋੜਾ ਨੇ ਕਿਹਾ ਕਿ ਕੋਈ ਵੀ ਦੇਸ਼ ਅੱਤਵਾਦ ਨੂੰ ਬਰਦਾਸ਼ਤ ਨਹੀਂ ਕਰਦਾ, ਇਸ ਲਈ ਸਾਰੇ ਦੇਸ਼ਾਂ ਨੂੰ ਉਸ ਦੇਸ਼ ਦਾ ਪੂਰੀ ਤਰ੍ਹਾਂ ਬਾਈਕਾਟ ਕਰਨਾ ਚਾਹੀਦਾ ਹੈ ਜੋ ਅੱਤਵਾਦੀਆਂ ਨੂੰ ਪਨਾਹ ਦਿੰਦਾ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਵਿੱਤੀ ਜਾਂ ਹਥਿਆਰਬੰਦ ਮਦਦ ਨਹੀਂ ਦੇਣੀ ਚਾਹੀਦੀ ਤਾਂ ਜੋ ਮਨੁੱਖਤਾ ਦੇ ਧਰਮ ਨੂੰ ਪੂਰਾ ਕੀਤਾ ਜਾ ਸਕੇ। ਇਸ ਮੌਕੇ ਦਵਿੰਦਰ ਅਰੋੜਾ, ਟਿੰਕੂ ਨਰੂਲਾ, ਦੀਪਕ ਮਹਿੰਦੀਰੱਤਾ, ਮਦਨ ਲਾਲ ਮਹਾਜਨ, ਅਜੇ ਚਾਵਲਾ, ਪਰਵੀਨ ਖੁਰਾਣਾ ਆਦਿ ਹਾਜ਼ਰ ਸਨ।

# ਘਗਵਾਲ ’ਚ ਅਸਮਾਨ ਤੋਂ ਬੰਬਨੁੰਮਾ ਵਸਤੂ ਡਿੱਗਣ ਕਾਰਨ ਲੋਕਾਂ ’ਚ ਸਹਿਮ

## ਫੋਰੈਂਸਿਕ ਟੀਮ ਜਾਂਚ ਵਿਚ ਜੁਟੀ

**ਹੁਸ਼ਿਆਰਪੁਰ /ਤਲਵਾੜਾ ਤਰਸੇਮ ਦੀਵਾਨਾ**

ਭਾਰਤ ਪਾਕਿਸਤਾਨ ਵਿਚਾਲੇ ਤਣਾਅ ਦਰਮਿਆਨ ਬੀਤੀ ਦੇਰ ਰਾਤ ਨੇੜਲੇ ਪਿੰਡ ਘਗਵਾਲ ਵਿਖੇ ਬੰਬ ਨੁੰਮਾ ਵਸਤੂ ਡਿੱਗਣ ਉਪਰੰਤ ਲੋਕਾਂ ’ਚ ਸਹਿਮ ਅਤੇ ਦਹਿਸ਼ਤ ਦਾ ਮਾਹੌਲ ਪਾਇਆ ਜਾ ਰਿਹਾ ਹੈ। ਥਾਣਾ ਹਾਜੀਪੁਰ ਅਧੀਨ ਪੈਂਦੇ ਪਿੰਡ ਘਗਵਾਲ ਵਾਸੀ ਅਸ਼ੋਕ ਕੁਮਾਰ ਨੇ ਦਸਿਆ ਕਿ 6-7 ਦੀ ਦਰਮਿਆਨੀ ਰਾਤ ਨੂੰ ਕਰੀਬ ਡੇਢ ਵਜੇ ਉਨਾਂ ਦੇ ਵਿਹੜੇ ’ਚ ਅਸਮਾਨ ਚੋਂ ਇੱਕ ਬੰਬ ਨੁੰਮਾ ਵਸਤੂ ਆਣ ਡਿੱਗੀ। ਜਿਸ ਦੀ ਆਵਾਜ਼ ਸੁਣ ਕੇ ਉਹ ਅਤੇ ਨੇੜਲੇ ਘਰਾਂ ’ਚ ਸੁੱਤੇ ਲੋਕ ਉੱਠ ਖੜ੍ਹੇ ਹੋਏ। ਉਕਤ ਵਸਤੂ ’ਚੋਂ ਧੂੰਆ ਨਿਕਲ ਰਿਹਾ ਸੀ। ਘਟਨਾਂ ਦੀ ਸੂਚਨਾ ਹਾਜੀਪੁਰ ਪੁਲੀਸ ਨੂੰ ਦਿੱਤੀ ਗਈ। ਥਾਣਾ ਹਾਜੀਪੁਰ ਮੁਖੀ ਹਰਪ੍ਰੇਮ ਸਿੰਘ ਦੀ ਅਗਵਾਈ ਹੇਠ ਪੁਲੀਸ ਪਾਰਟੀ ਨੇ ਮੌਕੇ ’ਤੇ ਪਹੁੰਚ ਬੰਬ ਨੁੰਮਾ ਵਸਤੂ ਜਿਸ ’ਤੇ ਇੱਕ ਲੜੀ ਨੰਬਰ ਅਤੇ ਅੰਗਰੇਜ਼ੀ ਭਾਸ਼ਾ ਵਿੱਚ ‘ ਟੈਸਟ ਪੋਰਟ ਸੀਕਰੇਟ ’ ਉਕਰਿਆ ਹੋਇਆ ਸੀ, ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ, ਜਿਸ ਦੀ ਅਗਲੇਰੀ ਜਾਂਚ ਲਈ ਪੁਲੀਸ ਨੇ ਫੋਰੈਂਸਿਕ ਟੀਮ ਨਾਲ ਰਾਬਤਾ ਕੀਤਾ, ਖ਼ਬਰ ਲਿਖੇ ਜਾਣ ਤੱਕ ਫੋਰੈਂਸਿਕ ਟੀਮ ਜਾਂਚ ਕਰ ਰਹੀ ਸੀ। ਘਟਨਾਂ ਉਪਰੰਤ ਘਗਵਾਲ ਵਾਸੀਆਂ ’ਚ ਸਹਿਮ ਅਤੇ ਦਹਿਸ਼ਤ ਪਾਈ ਜਾ ਰਹੀ ਹੈ।

**ਫੋਟੋ ਅਜਮੇਰ ਦੀਵਾਨਾ**



# ਪ੍ਰਸਿੱਧ ਗਾਇਕ ਕੰਠ ਕਲੇਰ ਨੇ ਬਾਬਾ ਸਾਹਿਬ ਦੇ ਜੀਵਨ ਇਤਿਹਾਸ ਸਬੰਧੀ ਗਾਇਆ ਟਰੈਕ 'ਜਜ਼ਬਾ'- ਗੋਲਡੀ ਦਰਦੀ

**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)**-ਕੇ ਕੇ ਮਿਊਜ਼ਿਕ ਦੀ ਪ੍ਰੈਜੈਂਟੇਸ਼ਨ ਵਿੱਚ 'ਜਜ਼ਬਾ' ਟਰੈਕ ਹਾਲ ਹੀ ਵਿੱਚ ਜੋ ਡਾ. ਬੀ ਆਰ ਅੰਬੇਡਕਰ ਸਾਹਿਬ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਰਿਲੀਜ਼ ਕੀਤਾ ਗਿਆ ਹੈ, ਨੂੰ ਆਪਣੀ ਸੁਰੀਲੀ ਸੁਰ ਨਾਲ ਸੁਪਰਪ੍ਰਸਿੱਧ ਗਾਇਕ ਕੰਠ ਕਲੇਰ ਨੇ ਪੇਸ਼ ਕੀਤਾ ਹੈ। ਜਿਸ ਦੀ ਜਾਣਕਾਰੀ ਦਿੰਦਿਆਂ ਇਸ ਟਰੈਕ ਦੇ ਗੀਤਕਾਰ ਗੋਲਡੀ ਦਰਦੀ ਨੇ ਦੱਸਿਆ ਕਿ ਇਸ ਟਰੈਕ ਨਾਲ ਭੀਮ ਕਾਰਵਾਂ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰੇਗਾ। ਜਜ਼ਬਾ ਟਾਈਟਲ ਹੇਠ ਇਸ ਟਰੈਕ ਨੂੰ ਲਾਂਚ ਕੀਤਾ ਗਿਆ ਹੈ ਜੋ ਆਪਣੇ ਆਪ ਵਿੱਚ ਇੱਕ ਸੰਪੂਰਨ ਰਚਨਾ ਕਹੀ ਜਾ ਸਕਦੀ ਹੈ । ਗੋਲਡੀ ਦਰਦੀ ਦੀ ਦਮਦਾਰ ਕਲਮ ਨੇ ਇਸ ਟਰੈਕ ਨੂੰ ਬੇਸ਼ਕੀਮਤੀ ਲਫਜ਼ਾਂ ਵਿੱਚ




ਪਰੋਇਆ ਹੈ ਅਤੇ ਇਸ ਨੂੰ ਸਾਂਝ ਸ਼ੰਮੀ ਨੇ ਕੰਪੋਜ ਕੀਤਾ ਹੈ ਅਮਰ ਦਾ ਮਿਊਜਿਕ ਮਿਰਰ ਨੇ ਇਸ ਦਾ ਸੰਗੀਤ ਤਿਆਰ ਕੀਤਾ ਹੈ ਤੇ ਮਨਦੀਪ ਰੰਧਾਵਾ ਵਲੋਂ ਇਸ ਟਰੈਕ ਨੂੰ ਡਾਇਰੈਕਟ ਕੀਤਾ ਗਿਆ ਹੈ। ਇਸਦੇ ਪ੍ਰੋਡਿਊਸਰ ਕਮਲ ਕਿਸ਼ੋਰ ਹਨ ਅਤੇ ਜੱਸੀ ਆਰਟ ਵਲੋਂ ਇਸ ਜਜ਼ਬਾ ਟਰੈਕ ਦਾ ਸ਼ਾਨਦਾਰ ਪੋਸਟਰ ਤਿਆਰ ਕੀਤਾ ਗਿਆ ਹੈ, ਜੋ ਵੱਖ-ਵੱਖ ਸੋਸ਼ਲ ਸਾਈਟਾਂ ਤੇ ਗੀਤ ਨਾਲ ਹੋਰ ਵੀ ਮਕਬੂਲੀਅਤ ਹਾਸਲ ਕਰ ਰਿਹਾ ਹੈ। ਜਿਕਰ ਯੋਗ ਹੈ ਕਿ ਕੰਠ ਕਲੇਰ ਸੰਗੀਤ ਜਗਤ ਵਿੱਚ ਸਭ ਤੋਂ ਵੱਧ ਸੁਣਿਆ ਜਾਣ ਵਾਲਾ ਮਹਿਬੂਬ ਕਲਾਕਾਰ ਹੈ। ਜਿਸ ਦੇ ਗੀਤਾਂ ਨੂੰ ਭਾਵੇਂ ਉਹ ਪੰਜਾਬੀ ਵੰਨਗੀ ਨਾਲ ਸੰਬੰਧਿਤ ਹੋਣ ਭਾਵੇਂ ਮਿਸ਼ਨ ਦੀ ਮਹਿਕ ਨਾਲ ਓਤ ਪੋਤ ਹੋਣ ਸਰੋਤੇ ਚਾਹ ਕੇ ਸੁਣਦੇ ਹਨ। ਕੰਠ ਕਲੇਰ ਦੇ ਇਸ ਗੀਤ ਜਜ਼ਬਾ ਨੂੰ ਮਿਸ਼ਨ ਪ੍ਰੇਮੀਆਂ ਵਿੱਚ ਭਰਮਾਂ ਹੁੰਗਾਰਾ ਮਿਲ ਰਿਹਾ ਹੈ ਅਤੇ ਉਸਦਾ ਕਹਿਣਾ ਹੈ ਕਿ ਜਜ਼ਬਾ ਟਰੈਕ ਰਾਹੀਂ ਉਸ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੇ ਜਨਮ ਦਿਹਾੜੇ ਦੀਆਂ ਸਭ ਸੰਗਤਾਂ ਨੂੰ ਮੁਬਾਰਕਾਂ ਦਿੰਦਿਆਂ ਇਕ ਸੰਦੇਸ਼ ਦਿੱਤਾ ਗਿਆ ਹੈ ਕਿ ਸਮਾਜ ਕੌਮ ਅਤੇ ਵਿਰਸੇ ਦੀ ਲਾਮਬੰਦੀ ਲਈ ਸਭ ਨੂੰ ਇੱਕਮੁੱਠ ਹੋ ਕੇ ਹੰਭਲਾ ਮਾਰਨਾ ਚਾਹੀਦਾ ਹੈ ਅਤੇ ਆਪਣੇ ਹੱਕ ਹਕੂਕਾਂ ਦੀ ਹਮੇਸ਼ਾ ਜਾਗਦੇ ਰਹਿਣਾ ਇਹ ਅਸਲ ਇਨਸਾਨੀਅਤ ਹੈ ।

# ਸੁਖਰਾਜ ਨਾਰੰਗ (ਸੁਖਪ੍ਰੀਤ ਸਿੰਘ) ਦਾ ਸਿੰਗਲ ਟਰੈਕ 'ਬੈਡ ਜੱਟ' ਦਾ ਪੋਸਟਰ ਇਗਲੈਂਡ ਵਿਖੇ ਰਿਲੀਜ਼

**ਸਰੀ /ਵੈਨਕੂਵਰ (ਕੁਲਦੀਪ ਚੁੰਬਰ)**- ਅਨੇਕਾਂ ਹੀ ਹਿੱਟ ਗੀਤਾਂ ਨਾਲ ਨਾਲ ਚਰਚਾ ਚ ਆਏ ਗਾਇਕ ਸੁੱਖਰਾਜ ਨਾਰੰਗ ਦਾ ਨਵਾਂ ਸੋਲੋ ਸਿੰਗਲ ਟ੍ਰੈਕ 'ਬੈਡ ਜੱਟ ' ਜਿਸਦਾ ਪੋਸਟਰ ਇਗਲੈਂਡ ਦੇ ਸ਼ਹਿਰ ਬਰਮੀਗਮ ਵਿਖੇ ਸੰਨੀ ਬੱਲ ( ਯੂ ਕੇ) ਸੰਜੀਵ (ਯੂ ਕੇ) ਤੇਜ਼ੀ (ਯੂ ਕੇ) ਨਰਿੰਦਰ (ਯੂ ਕੇ) ਰਵਿੰਦਰ ( ਯੂ ਕੇ) ਨੂੰ ਪ੍ਰੋਡਿਊਸਰ ਗੈਰੀ (ਯੂ ਕੇ) ਚਰਨ ਸਿੰਘ ਬੱਲ, ਅਮਰੀਕ ਵੜੈਚ, (ਯੂ ਕੇ) ਵਲੋਂ ਸਾਂਝੇ ਤੌਰ ਤੇ ਰਿਲੀਜ਼ ਕੀਤਾ ਗਿਆ । ਜਿਸ ਨੂੰ ਏ ਬੱਲ ਰਿਕ-ਾਰਡਸ ਵਲੋਂ ਬਹੁਤ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ । ਜਾਣਕਾਰੀ ਦਿੰਦਿਆਂ ਪੇਸ਼ਕਾਰ ਸੰਨੀ ਬੱਲ ਯੂ ਕੇ ਨੇ ਦੱਸਿਆ ਕਿ ਇਸ ਸਿੰਗਲ ਟਰੈਕ ਦਾ ਮਿਊਜ਼ਿਕ ਗੋਸਟ ਬੀ ਵਲੋਂ ਬਹੁਤ ਹੀ



ਮਿਹਨਤ ਨਾਲ ਤਿਆਰ ਕੀਤਾ ਗਿਆ ਹੈ । ਜਿਸ ਨੂੰ ਬਹੁਤ ਹੀ ਸੋਹਣੀ ਕਲਮ ਨਾਲ ਲਿਖਿਆ ਹੈ ਐਵੀ ਅਵਤਾਰ ਜੀ ਨੇ । ਇਸ ਸਿੰਗਲ ਟਰੈਕ ਦਾ ਵੀਡੀਓ ਯਾਰ ਨਰਿੰਦਰ ਵਲੋਂ ਪੰਜਾਬ ਦੇ ਕਪੂਰਥਲਾ ਸ਼ਹਿਰ ਦੇ ਖਾਨੋਵਾਲ ਪਿੰਡ ਸ਼ੂਟ ਕੀਤਾ ਗਿਆ ਹੈ, ਜੋ ਕਿ ਯੂ ਟਿਊਬ ਦੇ ਨਾਲ ਨਾਲ ਪੰਜਾਬੀ ਚੈਨਲਾਂ ਤੇ ਚੱਲ ਰਿਹਾ ਹੈ । ਜਿਸ ਨੂੰ ਦਰਸ਼ਕਾਂ ਵਲੋਂ ਖ਼ੂਬ ਪਿਆਰ ਮਿਲ ਰਿਹਾ ਹੈ। ਇਸ ਮੌਕੇ ਹੁੰਦਲ ( ਯੂ ਕੇ) ਮਨਜੀਤ ਬੜੈਚ (ਯੂ ਕੇ) ਦਿਲਸਾਨ ( ਯੂ ਕੇ) ਹਾਜ਼ਰ ਸਨ ।

## ਜ਼ਿਲ੍ਹੇ ਵਿਚ ਤੇਲ, ਰਾਸ਼ਨ, ਰਸੋਈ ਗੈਸ ਆਦਿ ਦੀ ਨਹੀਂ ਹੈ ਕੋਈ ਘਾਟ – ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**

ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਜ਼ਿਲ੍ਹੇ ਵਿਚ ਭਾਰਤ-ਪਾਕਿ ਤਣਾਅ ਮਗਰੋਂ ਪੈਦਾ ਹੋਏ ਹਾਲਾਤ ਬਾਰੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਦੀ ਸਥਿਤੀ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਜ਼ਰੂਰੀ ਵਸਤਾਂ, ਜਿਵੇਂ ਤੇਲ, ਰਸੋਈ ਗੈਸ, ਦਵਾਈਆਂ ਅਤੇ ਰਾਸ਼ਨ ਆਦਿ ਦੀ ਕੋਈ ਘਾਟ ਨਹੀਂ ਹੈ। ਇਸ ਲਈ ਲੋਕ ਬਿਨਾਂ ਸੋਚੇ ਸਮਝੇ ਇਹ ਵਸਤਾਂ ਭੰਡਾਰ ਕਰਕੇ ਕਾਲਾਬਾਜ਼ਾਰੀ ਨੂੰ ਉਤਸ਼ਾਹਿਤ ਨਾ ਕਰਨ। ਉਨ੍ਹਾਂ ਜਰੂਰੀ ਵਸਤਾਂ ਦਾ ਭੰਡਾਰ ਕਰਕੇ ਕਾਲਾਬਾਜ਼ਾਰੀ ਕਰਨ ਵਾਲਿਆਂ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੋ ਵੀ ਵਿਅਕਤੀ ਅਜਿਹਾ ਕਰਦਾ ਪਾਇਆ ਗਿਆ, ਉਸ ਖਿਲਾਫ ਸਖ਼ਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਇਹ ਵੀ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜ਼ਰੀਏ ਫੈਲਾਈਆਂ ਜਾ ਰਹੀਆਂ ਅਫ਼ਵਾਹਾਂ ਅਤੇ ਦਿੱਤੀਆਂ ਜਾ ਰਹੀਆਂ ਗੈਰ-ਜ਼ਰੂਰੀ ਸਲਾਹਾਂ ਉੱਤੇ ਅਮਲ ਨਾ ਕਰਨ। ਉਨ੍ਹਾਂ ਕਿਹਾ ਕਿ ਹਰੇਕ ਸੂਚਨਾ, ਖ਼ਬਰ ਜਾਂ ਸਲਾਹ ਦੀ ਪੁਸ਼ਟੀ ਕਰਕੇ ਉਸ ਉੱਤੇ ਅਮਲ ਕੀਤਾ ਜਾਵੇ ਅਤੇ ਉਸ ਨੂੰ ਤਾਂ ਹੀ ਅੱਗੇ ਸ਼ੇਅਰ ਕੀਤਾ ਜਾਵੇ।



# ਸੰਕਟਕਾਲੀਨ ਸਥਿਤੀ ਨਾਲ ਨਜਿੱਠਣ ਲਈ ਹੋਈ ਅਹਿਮ ਮੀਟਿੰਗ

## ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਜ਼ਿਲ੍ਹਾ ਪੱਧਰ ‘ਤੇ ਕੰਟਰੋਲ ਰੂਮ ਸਥਾਪਿਤ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਪ੍ਰਸ਼ਾਸਨ ਵਲੋਂ ਸਰਹੱਦ ‘ਤੇ ਤਣਾਅ ਦੇ ਮੱਦੇਨਜ਼ਰ ਭਾਰਤ ਤੇ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅੱਜ ਸਿਵਲ ਡਿਫੈਂਸ ਤਿਆਰੀ ਨੂੰ ਮਜ਼ਬੂਤ ਕਰਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਪੁਲਿਸ ਅਤੇ ਸਿਵਲ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਸਿਵਲ ਡਿਫੈਂਸ ਕਮੇਟੀ ਦੀ ਇਕ ਅਹਿਮ ਮੀਟਿੰਗ ਹੋਈ।ਐਸ.ਐਸ.ਪੀ. ਸੰਦੀਪ ਕੁਮਾਰ ਮਲਿਕ ਦੀ ਮੌਜੂਦਗੀ ਵਿਚ ਹੋਈ ਇਸ ਮੀਟਿੰਗ ਵਿਚ ਜਿਥੇ ਜ਼ਿਲ੍ਹੇ ਵਿਚ ਬਲੈਕ ਆਊਟ ਅਤੇ ਮੌਕ ਡਰਿੱਲ ਬਾਰੇ ਵਿਚਾਰ ਕੀਤਾ ਗਿਆ ਉਥੇ ਸੰਕਟਕਾਲੀਨ ਹਾਲਾਤ ਮੌਕੇ ਕੀਤੀਆਂ ਜਾਣ ਵਾਲੀਆਂ ਤਿਆਰੀਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਗ੍ਰਹਿ ਮੰਤਰਾਲੇ ਤੇ ਡਾਇਰੈਕੋਰੇਟ ਜਨਰਲ ਆਫ਼ ਫਾਇਰ ਸਰਵਿਸ, ਨਾਗਰਿਕ ਸੁਰੱਖਿਆ ਤੇ ਹੋਮ ਗਾਰਡਜ ਦੀਆਂ ਹਦਾਇਤਾਂ ਦੇ ਮੱਦੇਨਜ਼ਰ ਆਉਂਦੇ ਦਿਨਾਂ ਵਿਚ ਮੌਕ ਡਰਿੱਲਾਂ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਹ ਅਭਿਆਸ ਪਹਿਲਾਂ ਤੋਂ ਯੋਜਨਾਬੱਧ ਹਨ, ਇਸ ਲਈ ਡਰਨ ਦੀ ਕੋਈ ਲੋੜ ਨਹੀਂ ਹੈ, ਕਿਉਂਕਿ ਇਸ ਦੌਰਾਨ ਸਾਰੀਆਂ ਜ਼ਰੂਰੀ ਸੇਵਾਵਾਂ ਕਾਰਜਸ਼ੀਲ ਰਹਿਣਗੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਮਸ਼ੀਨਰੀ ਅਭਿਆਸ ਦੌਰਾਨ ਨਾਗਰਿਕਾਂ ਦੀ ਸਹਾਇਤਾ ਲਈ ਪੂਰੀ ਤਰ੍ਹਾਂ ਕਾਰਜਸ਼ੀਲ ਰਹੇਗੀ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦਾ ਉਦੇਸ਼ ਐਮਰਜੈਂਸੀ



ਸਥਿਤੀਆਂ ਨੂੰ ਨਿਯੰਤਰਿਤ ਅਤੇ ਅਜਿਹੀਆਂ ਸਥਿਤੀਆਂ ਦੀ ਸੁਰੱਖਿਅਤ ਢੰਗ ਨਾਲ ਨਕਲ ਕਰਨਾ ਹੈ ਤਾਂ ਜੋ ਨਾਗਰਿਕ ਅਤੇ ਪ੍ਰਸ਼ਾਸਨ ਦੋਵੇਂ ਅਸਲ ਸੰਕਟ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਤਿਆਰ ਹੋਣ। ਇਸ ਲਈ ਕਿਸੇ ਵੀ ਤਰ੍ਹਾਂ ਦੀ ਅਫ਼ਵਾਹ ਨਾ ਹੀ ਫੈਲਾਈ ਜਾਵੇ ਤੇ ਨਾ ਹੀ ਸੋਸ਼ਲ ਮੀਡੀਆ ਜਾਂ ਕਿਸੇ ਹੋਰ ਤਰ੍ਹਾ ਦੀਆਂ ਅਫਵਾਹਾਂ ‘ਤੇ ਯਕੀਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸਨ ਵਲੋਂ 24 ਘੰਟੇ ਕਾਰਜਸ਼ੀਲ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ, ਜਿਸ ਦਾ ਨੰਬਰ 01882-220412 ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਵਾਸੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਇਸ ਕੰਟਰੋਲ ਰੂਮ ‘ਤੇ ਸੰਪਰਕ ਕਰ ਸਕਦੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਹੋਰ ਜਾਣਕਾਰੀ ਹੋਈ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨਾਲ ਸਾਂਝੀ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਮੌਕ ਡ੍ਰਿਲਾਂ ਦੌਰਾਨ ਜਨਤਾ ਨੂੰ ਸੁਚੇਤ ਕਰਨ ਵਿੱਚ ਲਈ ਹਵਾਈ ਹਮਲੇ ਦੇ ਸਾਇਰਨਾਂ ਦੀ ਜਾਂਚ ਤੇ ਉਨ੍ਹਾਂ ਦੀ ਪ੍ਰਭਾਵਸ਼ੀਲਤਾ ਦਾ ਮੁਲਾਂਕਣ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਜੰਗ ਵਰਗੀਆਂ ਸਥਿਤੀਆਂ ਦੀ ਨਕਲ ਕਰਨ ਲਈ ਕਰੈਸ਼ ਬਲੈਕਆਊਟ ਅਭਿਆਸ ਕੀਤਾ ਜਾ ਰਿਹਾ ਹੈ। ਇਸ ਦੌਰਾਨ ਅੱਗ ਬੁਝਾਊ ਯੰਤਰਾਂ ਦੀ ਜਾਂਚ ਦੇ ਪਰਖ, ਬੰਕਰਾਂ, ਇਮਾਰਤਾਂ ਤੇ ਹੋਰ ਭੀੜੀਆਂ ਤੇ ਜੋਖਮ ਭਰੀਆਂ ਥਾਵਾਂ ਉਤੇ ਫਸੇ ਜ਼ਖਮੀਆਂ ਤੇ ਫੱਟੜਾਂ ਨੂੰ ਪ੍ਰਭਾਵਿਤ ਇਲਾਕੇ ਵਿੱਚੋਂ ਬਚਾਅ ਕੇ ਕੱਢਣਾ, ਆਰਜ਼ੀ ਹਸਪਤਾਲ ਦੀ ਸਥਾਪਨਾ ਅਤੇ ਹੋਰ ਜਰੂਰੀ ਦਿਸ਼ਾ ਨਿਰਦੇਸ਼ਾਂ ਦੀ ਪਾਲਣਾ ਕੀਤੀ ਜਾਵੇਗੀ। ਸਿਵਲ ਤੇ ਪੁਲਿਸ ਅਧਿਕਾਰੀਆਂ ਅਤੇ ਭਾਰਤੀ ਹਵਾਈ ਸੈਨਾ ਵਿਚਕਾਰ ਹੌਟਲਾਈਨ ਅਤੇ ਰੇਡੀਓ ਸੰਚਾਰ ਲਿੰਕਾਂ ਦਾ ਮੁਲਾਂਕਣ,ਅੱਗ ਬੁਝਾਉਣ ਅਤੇ ਮੁੱਢਲੀ ਸਹਾਇਤਾ ਸਮੇਤ ਨਿਕਾਸੀ, ਤਾਲਾਬੰਦੀ ਅਤੇ ਐਮਰਜੈਂਸੀ ਪ੍ਰਤੀਕਿਰਿਆਵਾਂ ਦਾ ਸਿਮੂਲੇਸ਼ਨ, ਕੰਟਰੋਲ ਰੂਮਾਂ ਅਤੇ ਸ਼ੈਡੋ ਕੰਟਰੋਲ ਸੈਂਟਰਾਂ ਦੀ ਕਾਰਜਸ਼ੀਲਤਾ ਦੀ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਉਹ ਇਸ ਅਭਿਆਸ ਲਈ ਘੇਰਾਬੰਦੀ ਕੀਤੇ ਗਏ ਸੀਮਤ ਖੇਤਰਾਂ ਤੋਂ ਦੂਰ ਰਹਿਣ। ਸ਼ਾਂਤ ਰਹਿਣ ਅਤੇ ਜੇਕਰ ਸਾਇਰਨ ਵੱਜਦੇ ਹਨ ਜਾਂ ਲਾਈਟਾਂ ਬੰਦ ਹੋ ਜਾਂਦੀਆਂ ਹਨ ਤਾਂ ਘਬਰਾਓ ਨਾ।

# ਪੰਜਾਬ ਜੰਗ ਨਹੀਂ ਚਾਹੁੰਦਾ ਜੰਗ ਗੁਜਰਾਤ ਬਾਰਡਰ ਉੱਤੇ ਲੜੀ ਜਾਵੇ-ਸਿਮਰਨਜੀਤ ਸਿੰਘ ਮਾਨ

**ਬਲਬੀਰ ਸਿੰਘ ਬੱਬੀ**

ਜੰਮੂ ਕਸ਼ਮੀਰ ਦੇ ਪਹਿਲਗਾਮ ਹਮਲੇ ਵਿੱਚ ਸੈਲਾਨੀਆਂ ਦੀ ਮੌਤ ਤੋਂ ਬਾਅਦ ਭਾਰਤ ਦੇ ਕੇਂਦਰ ਵਿੱਚ ਰਾਜ ਕਰ ਰਹੀ ਭਾਜਪਾ ਦੀ ਮੋਦੀ ਸਰਕਾਰ ਨੇ ਪਾਕਿ-ਸਤਾਨ ਨੂੰ ਸਬਕ ਸਿਖਾਉਣ ਦੇ ਲਈ ਜੰਗ ਦਾ ਐਲਾਨ ਕੀਤਾ ਹੈ ਤੇ ਪਿਛਲੇ ਦੋ ਤਿੰਨ ਦਿਨਾਂ ਤੋਂ ਪੰਜਾਬ ਦੀ ਧਰਤੀ ਦੇ ਉੱਪਰ ਜੰਗ ਹੋ ਰਹੀ ਹੈ ਪੰਜਾਬ ਦੇ ਲੋਕ ਜੰਗ ਨਹੀਂ ਚਾਹੁੰਦੇ ਕਿਉਂਕਿ ਜਦੋਂ ਜੰਗ ਲੱਗਣੀ ਹੈ ਤਾਂ ਇਧਰ ਵੀ ਪੰਜਾਬ ਦਾ ਨੁਕਸਾਨ ਹੋਣਾ ਹੈ ਤੇ ਉਧਰ ਵੀ ਪੰਜਾਬ ਦਾ ਨੁਕਸਾਨ ਹੋਣਾ ਹੈ ਇਸ ਲਈ ਪੰਜਾਬ ਦੇ ਲੋਕ ਜੰਗ ਦੇ ਹੱਕ ਵਿੱਚ ਨਹੀਂ। ਇਹ ਜੋ ਜੰਗ ਲੜਨ ਲਈ ਤੇਜੀ ਦਿਖਾ ਰਹੇ ਹਨ ਉਹ ਆਪਣੇ ਇਲਾਕੇ ਗੁਜਰਾਤ ਬਾਰਡਰ ਉੱਤੋਂ ਪਾਕਿ-ਸਤਾਨ ਨਾਲ ਜੰਗ ਲੜਨ ਇਨਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਪ੍ਰੈਸ ਕਾਨਫਰੰਸ ਦੌਰਾਨ ਸਿੱਖ ਆਗੂ ਸਿਮਰਨਜੀਤ ਸਿੰਘ ਮਾਨ ਨੇ ਕੀਤਾ। ਸਿਮਰਜੀਤ ਸਿੰਘ





ਮਾਨ ਨੇ ਕਿਹਾ ਕਿ ਜਦੋਂ ਹਾਲਾਤ ਪੰਜਾਬ ਵਿੱਚ ਬਣ ਰਹੇ ਹਨ ਉਸ ਉੱਤੇ ਬਹੁਤ ਹੀ ਚਿੰਤਾ ਵਾਲੇ ਹਨ ਫੌਜ ਦੀ ਮਸ਼ੀਨਰੀ ਨੇ ਸਰਹੱਦੀ ਇਲਾਕਿਆਂ ਦੀ ਫਸਲ ਤਬਾਹ ਕਰ ਦਿੱਤੀ ਹੈ ਫੌਜਾਂ ਦੀ ਤੈਨਾਤੀ ਤੋਂ ਬਾਅਦ ਸਰਹੱਦੀ ਇਲਾਕੇ ਦੇ ਲੋਕਾਂ ਨੇ ਆਪਣੇ ਘਰ ਘਾਟ ਛੱਡਣੇ ਸ਼ੁਰੂ ਕਰ ਦਿੱਤੇ ਹਨ ਅਜਿਹੀ ਸਥਿਤੀ ਦੇ ਵਿੱਚ ਪੰਜਾਬ ਦਾ ਬਹੁਤ ਨੁਕਸਾਨ ਹੋਵੇਗਾ।

ਸਿਮਰਨਜੀਤ ਸਿੰਘ ਮਾਨ ਦੇ ਗਰੁੱਪ ਵੱਲੋਂ ਅੱਜ ਅੰਮ੍ਰਿਤਸਰ ਦੇ ਵਿੱਚ ਜੰਗ ਦੇ ਵਿਰੁੱਧ ਰੋਸ ਪ੍ਰਦਰਸ਼ਨ ਵੀ ਕੀਤਾ ਗਿਆ ਪ੍ਰਦਰਸ਼ਨ ਕਰਨ ਵਾਲਿਆਂ ਦੇ ਹੱਥਾਂ ਵਿੱਚ ਜੰਗ ਦੇ ਵਿਰੋਧ ਵਿੱਚ ਪੋਸਟਰ ਫੜੇ ਹੋਏ ਸਨ ਤੇ ਜੰਗ ਦੇ ਵਿਰੋਧ ਵਿੱਚ ਨਾਅਰੇਬਾਜ਼ੀ ਕੀਤੀ ਜਾ ਰਹੀ ਸੀ।

# ਆਦਿਵਾਸੀ ਇਲਾਕਿਆਂ ’ਚ ਹਕੂਮਤੀ ਜਬਰ ਵਿਰੁੱਧ ਸੰਗਰੂਰ ਵਿਖੇ ਸੂਬਾਈ ਕਨਵੈਨਸ਼ਨ ਅਤੇ ਮੁਜ਼ਾਹਰਾ 22 ਮਈ ਨੂੰ

## ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼ ਡਾ. ਨਵਸ਼ਰਨ ਹੋਣਗੇ ਮੁੱਖ ਵਕਤਾ

**ਫਿਲੌਰ /ਅੱਪਰਾ ਦੀਪਾ)-** ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਦੇ ਸੂਬਾਈ ਕਨਵੀਨਰਾਂ ਡਾ.ਪਰਮਿੰਦਰ, ਪ੍ਰੋਫੈਸਰ ਏ.ਕੇ.ਮਲੇਰੀ, ਬੂਟਾ ਸਿੰਘ ਮਹਿਮੂਦਪੁਰ ਅਤੇ ਯਸ਼ਪਾਲ ਨੇ ਸੂਬਾ ਕਮੇਟੀ ਮੀਟਿੰਗ ਦੇ ਫ਼ੈਸਲਿਆਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਸਤਰ ਅਤੇ ਹੋਰ ਆਦਿਵਾਸੀ ਇਲਾਕਿਆਂ ਅੰਦਰ ਨਕਸਲਵਾਦ ਨੂੰ ਖ਼ਤਮ ਕਰਨ ਦੇ ਨਾਂ ਹੇਠ ਕੀਤੇ ਜਾ ਰਹੇ ਕਤਲੇਆਮ ਵਿਰੁੱਧ ਆਵਾਜ਼ ਉਠਾਉਣ ਲਈ 22 ਮਈ ਨੂੰ ਪਰਲ ਪੈਲੇਸ ( ਨੇੜੇ ਬਰਨਾਲਾ ਕੈਂਚੀਆਂ ) ਸੰਗਰੂਰ ਵਿਖੇ ਜਬਰ ਵਿਰੁੱਧ ਸੂਬਾਈ ਕਨਵੈਨਸ਼ਨ ਕਰਨ ਉਪਰੰਤ ਮੁਜ਼ਾਹਰਾ ਕੀਤਾ ਜਾਵੇਗਾ।



ਜਿਸ ਦੇ ਮੁੱਖ ਵਕਤਾ ਜਮਹੂਰੀ ਹੱਕਾਂ ਦੀ ਪਹਿਰੇਦਾਰ ਨਾਮਵਰ ਸ਼ਖ਼ਸੀਅਤ ਡਾ. ਨਵਸ਼ਰਨ ਹੋਣਗੇ। ਉਨ੍ਹਾਂ ਕਿਹਾ ਕਿ ਮਾਓਵਾਦੀ ਅਤੇ ਹੋਰ ਹਥਿਆਰਬੰਦ ਲਹਿਰਾਂ ਦੇ ਰੂਪ ’ਚ ਭਾਰਤੀ ਸਟੇਟ ਨਾਲ ਹਥਿਆਰਬੰਦ ਟਕਰਾਅ ਨੰਗੇ ਅਨਿਆਂ ਅਤੇ ਘੋਰ ਨਾਬਰਾਬਰੀ ’ਤੇ ਆਧਾਰਤ ਮੌਜੂਦਾ ਰਾਜਨੀਤਕ ਪ੍ਰਬੰਧ ਦੀ ਲੋਕ ਵਿਰੋਧੀ ਕਾਰਗੁਜ਼ਾਰੀ ’ਚੋਂ ਉਪਜੀ ਸਮਾਜਿਕ ਬੇਚੈਨੀ ਦਾ ਨਤੀਜਾ ਹੈ। ਜਿਸ ਨੂੰ ਰਾਜਨੀਤਕ ਮਸਲੇ ਵਜੋਂ ਲੈ ਕੇ ਬੁਨਿਆਦੀ ਮਸਲੇ ਹੱਲ ਕਰਨ ਦੀ ਬਜਾਏ ਭਾਰਤੀ ਹੁਕਮਰਾਨ ਜੰਗਲੀ-ਪਹਾੜੀ ਇਲਾਕਿਆਂ ਨੂੰ ਸੁਰੱਖਿਆ ਬਲਾਂ ਦੀ ਵਿਆਪਕ ਛਾਉਣੀ ਬਣਾ ਕੇ ਅਤੇ ‘ਓਪਰੇਸ਼ਨ ਕਗਾਰ’ ਵਰਗੇ ਨੀਮ-ਫ਼ੌਜੀ ਓਪਰੇਸ਼ਨ ਚਲਾਕੇ ਸੰਘਰਸ਼ਸ਼ੀਲ ਦੱਬੇ ਕੁਚਲੇ ਲੋਕਾਂ ਦੀਆਂ ਲਾਸ਼ਾਂ ਵਿਛਾਉਣ ਦੀ ਨੀਤੀ ’ਤੇ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ 'ਮਾਰਚ 2026 ਤੱਕ ਨਕਸਲਵਾਦ ਦਾ ਸਫ਼ਾਇਆ ਕਰਨ’ ਦੀ ਭਾਜਪਾ ਦੀ ਨੀਤੀ ਕਥਿਤ ਵਿਕਾਸ ਦੇ ਨਾਂ ਹੇਠ ਕਾਰ-ਪੋਰੇਟ ਪ੍ਰੋਜੈਕਟਾਂ ਦਾ ਰਾਹ ਸਾਫ਼ ਕਰਨ ਦੀ ਫਾਸ਼ੀਵਾਦੀ ਨੀਤੀ ਹੈ ਜਿਸ ਦਾ ਮੁਲਕ ਦੇ ਹਿਤਾਂ ਅਤੇ ਲੋਕਾਂ ਦੀ ਬਿਹਤਰੀ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਦਰਅਸਲ, ਆਦਿਵਾਸੀਆਂ ਦੇ ਜਲ-ਜੰਗਲ-ਜ਼ਮੀਨ ਉੱਪਰ ਕੁਦਰਤੀ ਹੱਕ ਦੀ ਰਾਖੀ ਦੇ ਜਮਹੂਰੀ ਹੱਕ ਨੂੰ ਕੁਚਲਕੇ ਕੁਦਰਤੀ ਵਸੀਲਿਆਂ ਨਾਲ ਭਰਪੂਰ ਜੰਗਲੀ-ਪਹਾੜੀ ਇਲਾਕਿਆਂ ਅਤੇ ਹੋਰ ਜ਼ਮੀਨਾਂ ਉੱਪਰ ਕਾਰਪੋਰੇਟ ਪ੍ਰੋਜੈਕਟ ਥੋਪਣ ਦੀ ਲੋਕ ਵਿਰੋਧੀ ਸਾਜ਼ਿਸ਼ ਹੈ ਅਤੇ ਇਸੇ ਕਾਰਨ ਆਦਿਵਾਸੀਆਂ ਅਤੇ ਦੇਸ਼ ਦੇ ਹੋਰ ਲੋਕਾਂ ਨੂੰ ਇਹ ‘ਵਿਕਾਸ’ ਮਨਜ਼ੂਰ ਨਹੀਂ ਹੈ। ਪੰਜਾਬ ਵਿਚ ਜ਼ਮੀਨਾਂ, ਸਿੱਖਿਆ ਸਿਹਤ ਆਦਿ ਖੇਤਰਾਂ ਅਤੇ ਬਾਇਓ ਗੈਸ ਪਲਾਂਟਾਂ ਵਰਗੇ ਲੋਕ ਵਿਰੋਧੀ ਪ੍ਰੋਜੈਕਟਾਂ ਦਾ ਹੱਲਾ ਰੋਕਣ ਲਈ ਵੀ ਆਦਿਵਾਸੀਆਂ ਅਤੇ ਉਨ੍ਹਾਂ ਦੇ ਹਿੱਤਾਂ ਲਈ ਜੂਝਦੇ ਇਨਕਲਾਬੀਆਂ ਦੇ ਕਤਲੇਆਮ ਵਿਰੁੱਧ ਜਨਤਕ ਜਮਹੂਰੀ ਆਵਾਜ਼ ਦਾ ਉੱਠਣਾ ਸਮੇਂ ਦੀ ਅਹਿਮ ਮੰਗ ਹੈ।

ਉਨ੍ਹਾਂ ਦੱਸਿਆ ਕਿ ਇਸ ਜਮਹੂਰੀ ਇਕੱਠ ਦੀ ਕਾਮਯਾਬੀ ਲਈ ਵੱਖ-ਵੱਖ ਇਲਾਕਿਆਂ ਵਿਚ ਸੰਪਰਕ ਮੁਹਿੰਮ ਚਲਾਉਂਦੇ ਹੋਏ ਬੁੱਧੀਜੀਵੀਆਂ, ਲੇਖਕਾਂ, ਕਲਾਕਾਰਾਂ, ਰੰਗਕਰਮੀਆਂ, ਵਕੀਲਾਂ, ਪੱਤਰਕਾਰਾਂ ਸਮੇਤ ਪੰਜਾਬ ਦੀਆਂ ਸਮੂਹ ਲੋਕਪੱਖੀ ਤਾਕਤਾਂ ਨੂੰ ਦਣਦਣਾ ਰਹੇ ਜਾਬਰ ਹਮਲੇ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ ਕੀਤੀ ਜਾਵੇਗੀ ਅਤੇ ਇਹ ਮੰਗ ਕੀਤੀ ਜਾਵੇਗੀ ਕਿ ਆਦਿਵਾਸੀ ਇਲਾਕਿਆਂ ਵਿਚ ਝੂਠੇ ਮੁਕਾਬਲਿਆਂ, ਡਰੋਨ ਹਮਲਿਆਂ ਅਤੇ ਹੋਰ ਰੂਪਾਂ ਵਿਚ ਕਤਲੇਆਮ ਬੰਦ ਕੀਤਾ ਜਾਵੇ, ਆਦਿਵਾਸੀ ਇਲਾਕਿਆਂ ਵਿੱਚੋਂ ਸਕਿਊਰਿਟੀ ਕੈਂਪ ਹਟਾਏ ਜਾਣ ਅਤੇ ਵਿਸ਼ੇਸ਼ ਸੁਰੱਖਿਆ ਤਾਕਤਾਂ ਵਾਪਸ ਬੁਲਾਈਆਂ ਜਾਣ; ਉਜਾੜੇ ਅਤੇ ਕਾਰਪੋਰੇਟ ਕਬਜ਼ੇ ਦਾ ਸੰਦ ਕਾਰਪੋਰੇਟ ਪੱਖੀ ਆਰਥਕ ਮਾਡਲ ਰੱਦ ਕੀਤਾ ਜਾਵੇ, ਜਲ-ਜੰਗਲ-ਜ਼ਮੀਨ ਉੱਪਰ ਆਦਿਵਾਸੀ ਲੋਕਾਂ ਦਾ ਕੁਦਰਤੀ ਹੱਕ ਤਸਲੀਮ ਕੀਤਾ ਜਾਵੇ, ਜਨਤਕ ਅੰਦੋਲਨਾਂ ਨੂੰ ਗ਼ੈਰਕਾਨੂੰਨੀ/ਪਾਬੰਦੀਸ਼ੁਦਾ ਕਰਾਰ ਦੇ ਕੇ ਕੁਚਲਣ ਅਤੇ ਹੁਕਮਰਾਨ ਜਮਾਤ ਦੀਆਂ ਲੋਕ ਵਿਰੋਧੀ ਨੀਤੀਆਂ ਉੱਪਰ ਸਵਾਲ ਉਠਾਉਣ ਵਾਲੇ ਚਿੰਤਕਾਂ ਤੇ ਜਮਹੂਰੀ ਕਾਰਕੁਨਾਂ ਨੂੰ ਝੂਠੇ ਕੇਸ ਬਣਾ ਕੇ ਜੇਲ੍ਹਾਂ ਵਿਚ ਡੱਕਣ ਦੀ ਨੀਤੀ ਬੰਦ ਕੀਤੀ ਜਾਵੇ ਅਤੇ ਜੇਲ੍ਹਾਂ ਵਿਚ ਡੱਕੇ ਰਾਜਨੀਤਕ ਕੈਦੀਆਂ ਤੇ ਆਮ ਲੋਕਾਂ ਨੂੰ ਰਿਹਾਅ ਕੀਤਾ ਜਾਵੇ।

# ਲੋਕ ਗਾਇਕ ਸਰਬਜੀਤ ਸਹੋਤਾ ਦੀ ਦਮਦਾਰ ਆਵਾਜ਼ ਵਿੱਚ 'ਕਲਮ ਦਾ ਬਾਦਸ਼ਾਹ' ਗੀਤ ਘਰ ਘਰ ਗੂੰਜਿਆ- ਹਰਪ੍ਰੀਤ ਸੁੰਮਨ

## ਭੀਮ ਮਿਸ਼ਨ ਨਾਲ ਪਿਆਰ ਕਰਨ ਵਾਲੇ ਸਾਰੇ ਸਾਥੀਆਂ ਦਾ ਤਹਿ ਦਿਲ ਤੋਂ ਕੀਤਾ ਧੰਨਵਾਦ




**ਸਰੀ/ ਵੈਨਕੂਵਰ (ਕੁਲਦੀਪ ਚੁੰਬਰ)-** ਹਰਪ੍ਰੀਤ ਸੁੰਮਨ ਅਤੇ ਏ ਆਰ ਮਿਊਜਿਕ ਦੀ ਪੇਸ਼ਕਸ਼ ਵਿੱਚ 'ਕਲਮ ਦਾ ਬਾਦਸ਼ਾਹ' ਟਰੈਕ ਸੁਰੀਲੀ ਸੁਰ ਦਾ ਸਿਰਨਾਵਾਂ ਗਾਇਕ ਸਰਬਜੀਤ ਸਹੋਤਾ ਦੀ ਆਵਾਜ਼ ਵਿੱਚ ਹਾਲ ਹੀ ਵਿੱਚ ਲਾਂਚ ਕੀਤਾ ਗਿਆ ਹੈ। ਇਸ ਟਰੈਕ ਦੀ ਜਾਣਕਾਰੀ ਦਿੰਦਿਆਂ ਏ ਆਰ ਮਿਊਜਿਕ ਦੇ ਪ੍ਰੋਡਿਊਸਰ ਹਰਪ੍ਰੀਤ ਸੁੰਮਨ ਨੇ ਦੱਸਿਆ ਕਿ ਇਸ ਟਰੈਕ ਨੂੰ ਰਿਵਾਇਤੀ ਅੰਦਾਜ ਵਿੱਚ ਸਰਬਜੀਤ ਸਹੋਤਾ ਨੇ ਬਾਕਮਾਲ ਤਰੀਕੇ ਨਾਲ ਨਿਭਾਇਆ ਹੈ ਅਤੇ ਇਸ ਨੂੰ ਮਾਣੀ ਫਗਵਾੜਾ ਵਾਲਾ ਦੀ ਕਲਮ ਨੇ ਸ਼ਾਨਦਾਰ ਅੰਦਾਜ਼ ਵਿੱਚ ਕਲਮਬੱਧ ਕੀਤਾ ਹੈ । ਅਮਰ ਦਾ ਮਿਊਜਿਕ ਮਿਰਰ ਵਲੋਂ ਇਸ ਦਾ ਸੰਗੀਤ ਅਤੇ ਮਨਦੀਪ ਰੰਧਾਵਾ ਵਲੋਂ ਇਸ ਦਾ ਸ਼ਾਨਦਾਰ ਵੀਡੀਓ ਤਿਆਰ ਕੀਤਾ ਗਿਆ । ਹਰਪ੍ਰੀਤ ਸੁੰਮਨ ਇਸ ਟਰੈਕ ਦੇ ਪ੍ਰੋਡਿਊਸਰ ਅਤੇ ਪੇਸ਼ਕਾਰ ਹਨ ।

ਵਿਸ਼ੇਸ਼ ਤੌਰ ਤੇ ਲਖਵਿੰਦਰ , ਬੰਟੀ ਬੰਗੜ ਜੱਸ ਰਵਿਦਾਸੀਆ, ਮਨੀਸ਼ ਕੁਮਾਰ ਦਾ ਸਮੁੱਚੀ ਟੀਮ ਵਲੋਂ ਧੰਨਵਾਦ ਕੀਤਾ ਗਿਆ ਹੈ। ਏ ਆਰ ਮਿਊਜਿਕ ਯੂਐਸਏ ਨੇ ਇਸ ਟਰੈਕ ਨੂੰ ਵੱਧ ਤੋਂ ਵੱਧ ਪ੍ਰਮੋਟ ਅਤੇ ਸਪੋਰਟ ਕਰਨ ਦੀ ਅਪੀਲ ਕੀਤੀ ਹੈ । ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਇਸ ਮਿਸ਼ਨ ਨੂੰ ਲਾਮਬੰਦ ਕਰਨ ਲਈ ਉਹਨਾਂ ਵਲੋਂ ਸਾਰਥਕ ਕਦਮ ਪੁੱਟਿਆ ਗਿਆ ਹੈ, ਜੋ ਭੀਮ ਸਾਥੀਆਂ ਵਲੋਂ ਬਹੁਤ ਹੀ ਸ਼ਿੱਦਤ ਨਾਲ ਸੁਣਿਆ ਜਾ ਰਿਹਾ ਹੈ ਅਤੇ ਸੋਸ਼ਲ ਸਾਈਟਾਂ ਤੇ ਸ਼ੇਅਰ ਕੀਤਾ ਜਾ ਰਿਹਾ ਹੈ।

# ਸਰਕਾਰੀ ਹਾਈ ਸਮਾਰਟ ਸਕੂਲ ਵਿਖੇ ਨਵੀਆਂ ਬਣੀਆਂ ਇਮਾਰਤਾਂ ਦਾ ਉਦਘਾਟਨ ਤੇ ਸਲਾਨਾ ਨਾਮ ਵੰਡ ਸਮਾਗਮ ਕਰਵਾਇਆ

**ਫਿਲੌਰ/ਅੱਪਰਾ (ਦੀਪਾ)-** ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅਪਰਾ ਵਿਖੇ ਸਰਕਾਰੀ ਗ੍ਰਾਂਟਾਂ ਦੀ ਮਦਦ ਨਾਲ ਬਣੀਆਂ ਇਮਾਰਤਾਂ ਦਾ ਉਦਘਾਟਨ ਸਮਾਜ ਸੇਵਕ ਪ੍ਰਿੰਸੀਪਲ ਪ੍ਰੇਮ ਕੁਮਾਰ ਹਲਕਾ ਇੰਚਾਰਜ ਆਮ ਆਦਮੀ ਪਾਰਟੀ ਫਿਲੌਰ ਜੀ ਨੇ ਆਪਣੇ ਘਰ ਕਮਲਾ ਨਾਲ ਕੀਤਾ!ਇਸ ਮੌਕੇ ਵਿਸ਼ੇਸ਼ ਮਹਿਮਾਨ ਅਮਰੀਕ ਸਿੰਘ ਸਹੋਤਾ ਯੂਐਸਏ ਵਿਸ਼ੇਸ਼ ਤੌਰ ਤੇ ਪ੍ਹੁੱਜੇ!ਅੱਜ ਤਕਰੀਬਨ



3250000 ਰੁਪਏ ਦੇ ਨਾਲ ਉਸਾਰੀ ਲਾਈਬਰੇਰੀ,ਸਾਇੰਸ ਲੈਬ,ਜਮਾਤ ਕਮਰਾ,ਚਾਰਦਵਾਰੀ ਅਤੇ ਬਾਥਰੂਮ ਦਾ ਉਦਘਾਟਨ ਕੀਤਾ!ਸਕੂਲ ਮੁਖੀ ਮਾਸਟਰ ਜਸਪਾਲ ਸੰਧੂ ਨੇ ਪੰਜਾਬ ਸਰਕਾਰ ਅਤੇ ਐਨਆਰਆਈ ਵੀਰਾਂ ਦਾ ਬਹੁਤ ਧੰਨਵਾਦ ਕੀਤਾ



ਰਕੇਸ਼ ਕੁਮਾਰ ਬੱਬੂ ਆਸਟਰੇਲੀਆ ਵਾਲਿਆਂ ਨੇ ਸਕੂਲ ਦੀ ਸਾਇੰਸ ਲੈਬ ਵਾਸਤੇ ਲਗਭਗ 50 ਹਜਾਰ ਰੁਪਏ ਦੀ ਟੈਲੀਸਕੋਪ ਕਮ ਮਾਈਕਰੋਸਕੋਪ ਦਾਨ ਕੀਤੀ! ਅੱਜ ਸਲਾਨਾ ਨਤੀਜੇ ਵਿੱਚ ਮੱਲਾ ਮਾਰਨ ਵਾਲੇ ਬੱਚਿਆਂ ਨੂੰ ਮੁੱਖ ਮਹਿਮਾਨਾਂ ਨੇ ਵਿਸ਼ੇਸ਼ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ!ਅੱਜ ਦੇ ਸਮਾਗਮ ਵਿੱਚ ਅਮਰੀਕ ਸਿੰਘ ਸਹੋਤਾ ਯੂਐਸਏ,ਸਰਪੰਚ ਵਿਨੇ ਕੁਮਾਰ ਬੰਗੜ ਅਪਰਾ,ਰਕੇਸ਼ ਕੁਮਾਰ ਬੱਬੂ ਆਸਟਰੇਲੀਆ, ਚੇਅਰਮੈਨ ਕਮਲ ਕੁਮਾਰ,ਸੰਤ ਆਤਮਾ ਦਾਸ,ਬਲਵਿੰਦਰ ਕੌਰ ਨੰਬਰਦਾਰ ਚੱਕ ਸਾਬੂ,ਰਚਨਾ ਦੇਵੀ ਸਾਬਕਾ ਸਰਪੰਚ ਚੱਕ ਸਾਬੂ,ਜਗਤ ਰਾਮ ਭੱਟੀ,ਬੂਟਾ ਮਸਾਣੀ, ਬਲਵੀਰ ਸ਼ੋਕਰ,ਤਜਿੰਦਰ ਲਾਲੀ ਅਪਰਾ,ਅਮਰਜੀਤ ਸਿੰਘ,ਮੋਹਨ ਲਾਲ ਮੈਂਬਰ ਪੰਚਾਇਤ,ਸਤਨਾਮ ਸਿੰਘ ਜੱਜਾ ਖੁਰਦ,ਮਨਦੀਪ ਸਿੰਘ ਮਾਨ,ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ,ਹਰਜੀਤ ਸਿੰਘ,ਨੈਨਸੀ ਰਾਣੀ,ਨੀਰੂ ਬਾਲਾ,ਰਮਨਦੀਪ ਕੌਰ ਕੈਂਥ,ਪ੍ਰੋਮਿਲਾ ਦੇਵੀ ਅਤੇ ਗੁਰਨਾਮ ਸਿੰਘ ਆਦੀ ਹਾਜਰ ਸਨ।

# "ਫੂਲੇ ਫਿਲਮ ਇੱਕ ਇਤਿਹਾਸਿਕ ਦਸਤਾਵੇਜ਼"ਮਾਨਵਤਾ ਕਲਾ ਮੰਚ ਨਗਰ

**●ਜਿਹੜੀਆਂ ਕੌਮਾਂ ਆਪਣੇ ਇਤਿਹਾਸ ਭੁੱਲ ਜਾਂਦੀਆਂ ਨੇ......! ●ਜਾਤੀ ਵਿਤਕਰਾ ਜਿਸ ਤਨ ਲਾਗੇ ਸੋ ਤਨ ਜਾਣੇ। ●ਫੂਲੇ ਫ਼ਿਲਮ ਦੇ ਹਰ ਕਲਾਕਾਰ ਨਿਰਦੇਸ਼ਕ ਕਹਾਣੀਕਾਰ ਨੂੰ ਇਸ ਫਿਲਮ ਦੀ ਸਫ਼ਲਤਾ ਲਈ ਮੁਬਾਰਕ**

**ਫਿਲੌਰ/ਅੱਪਰਾ (ਦੀਪਾ)-**ਜਿਸ ਫ਼ਿਲਮ ਤੇ ਸਰਕਾਰਾਂ ਰੋਕ ਲਾਉਣ ਜ਼ਾਹਿਰ ਹੈ ਕਿ ਉਸ ਵਿੱਚ ਕੁਝ ਅਜਿਹਾ ਹੈ ਜੋ ਉਹਨਾਂ ਦੇ ਝੂਠ ਤੰਤਰ ਦਾ ਪੜਦਾ ਫਾਸ਼ ਕਰਦਾ ਹੈ। ਜੋਤੀ ਰਾਓ ਫੂਲੇ ਧਾਰਮਿਕ ਕੱਟੜਤਾ ਦੇ ਕੱਟੜ ਵਿਰੋਧੀ ਸਨ। ਮਨੁੱਖਤਾ ਨੂੰ ਪਿਆਰ ਕਰਨ ਵਾਲੇ ਨਿਧੜਕ ਨਿਰਪੱਖ ਲੋਕ ਮਸੀਹਾ ਸਨ।ਮੇਰੇ ਕੋਲ ਉਹ ਸ਼ਬਦ ਨਹੀਂ ਜੋ ਮੈਂ ਮਾਤਾ ਸਵਿਤਰੀ ਫੂਲੇ ਤੇ ਜੋਤੀ ਰਾਓ ਫੂਲੇ ਬਾਰੇ ਲਿਖ ਸਕਾਂ ਮੇਰਾ ਨਮਨ ਹੈ। ਮੈਨੂੰ ਬਹੁਤ ਖੁਸ਼ੀ ਹੋਈ ਕਿ ਮੇਰੀ ਕਿਤਾਬ ' ਪਹਿਲੀ ਅਧਿਆਪਕਾ ' ਜੋ ਕਿ ਪਿਛਲੇ ਸਾਲ ਗ਼ਦਰੀ ਬਾਬਿਆਂ ਦੇ ਮੇਲੇ ਤੇ ਰਿਲੀਜ਼ ਹੋਈ ਸੀ। ਫਿਲਮ ਦੇ ਦ੍ਰਿਸ਼ਾਂ ਨਾਲ ਮਿਲਦੀ ਜੁਲਦੀ ਹੈ। ਫੂਲੇ ਜੀ ਕਹਿੰਦੇ ਨੇ ਕਿ ਮੈਂ ਨਹੀਂ ਮੰਨਦਾ ਕਿ ਵੇਦ ਕਿਸੇ ਈਸ਼ਵਰ ਨੇ ਬਣਾਏ ਨੇ ਵੇਦਾਂ ਨੇ ਸਮਾਜ ਨੂੰ ਬ੍ਰਾਹਮਣ, ਕਸ਼ਤਰੀ, ਵੈਸ਼ ਤੇ ਸ਼ੂਦਰ ਬਣਾਇਆ ਹੈ। ਸ਼ੂਦਰ ਬ੍ਰਹਮਾ ਦੇ ਪੈਰਾਂ ਚੋਂ ਉਤਪੰਨ ਹੋਏ ਨੇ ਤੇ ਪੈਰਾਂ ਚੋਂ ਉਤਪੰਨ ਹੋਣ ਵਾਲਿਆਂ ਨੂੰ ਪੈਰਾਂ ਥੱਲਿਓਂ ਜਮੀਨ ਵੀ ਕੱਢਣੀ ਆਉਂਦੀ ਹੈ ਇਹ ਫੂਲੇ ਜੀ ਨੇ ਸਾਬਤ ਕੀਤਾ ਹੈ।

ਇਹ ਫਿਲਮ ਸਾਨੂੰ ਇਸ ਕਰਕੇ ਦੇਖਣੀ ਚਾਹੀਦੀ ਹੈ ਕਿ ਫੂਲੇ ਜੀ ਚਾਹੁੰਦੇ ਸਨ ਜੋ ਕਤਾਰਾਂ ਮੰਦਰਾਂ ਦੇ ਅੱਗੇ ਲੱਗੀਆਂ ਨੇ ਉਹ ਸਕੂਲਾਂ ਕਾਲਜਾਂ ਯੂਨੀਵਰਸਿਟੀਆਂ ਦੇ ਅੱਗੇ ਲੱਗਣੀਆਂ ਚਾਹੀਦੀਆਂ ਨੇ। ਇਸ ਦੇਸ਼ ਚੋਂ ਭਰਮ ਪਖੰਡ ਝੂਠ ਤੰਤਰ ਨੂੰ




ਵਿਸ਼ਰਾਮ ਲੱਗਣਾ ਚਾਹੀਦਾ ਹੈ। ਸੰਵਿਧਾਨ ਦੀ ਧਾਰਾ 151 ਦੀ ਪੂਰੀ ਤਰ੍ਹਾਂ ਪਾਲਣਾ ਹੋਣੀ ਚਾਹੀਦੀ ਹੈ। ਜੇਕਰ ਤੁਹਾਡੇ ਕੁਇੰਟਲਾਂ ਦੇ ਹਿਸਾਬ ਨਾਲ ਖੜਕਾਉਣ ਦੇ ਲਈ ਭਾਰੇ ਟਲ ਬਣ ਰਹੇ ਹਨ ਤਾਂ ਤੁਸੀਂ ਬੇਸ਼ਕ ਮਾਨਸਿਕ ਰੋਗੀ ਹੋ। ਜਿਸ ਵਿਚਾਰਧਾਰਾ ਤੋਂ ਸਰਕਾਰਾਂ ਨੂੰ ਡਰ




ਲੱਗਦਾ ਹੈ ਉਹ ਵਿਚਾਰਧਾਰਾ ਪ੍ਰਚੰਡ ਰੂਪ ਵਿੱਚ ਲੋਕਾਂ ਦੇ ਸਾਹਮਣੇ ਲਿਆਉਣੀ ਚਾਹੀਦੀ ਹੈ। ਜੇਕਰ ਫੂਲੇ ਜੀ ਨਾ ਹੁੰਦੇ ਬਾਬਾ ਸਾਹਿਬ ਅੰਬੇਡਕਰ ਨਾ ਹੁੰਦੇ ਪੇਰੀਅਰ ਸਾਹਿਬ ਨਾ ਹੁੰਦੇ ਤੇ ਹੋਰ ਅਨੇਕਾਂ ਮਹਾਂਪੁਰਸ਼ ਇਸ ਦੇਸ਼ ਅੰਦਰ ਨਾ ਆਉਂਦੇ ਤਾਂ ਇਥੇ ਸੂਰਾਂ, ਕੁੱਤਿਆਂ, ਗਧਿਆਂ ਤੇ ਮਨੁੱਖਾਂ ਚ ਕੋਈ ਫ਼ਰਕ ਨਹੀਂ ਸੀ ਹੋਣਾ।

ਸੋ ਮਾਨਵਤਾ ਕਲਾ ਮੰਚ ਨਗਰ ਫੂਲੇ ਫ਼ਿਲਮ ਦੀ ਆਮਦ ਤੇ ਆਪਣੀ ਖੁਸ਼ੀ ਦਾ ਇਜ਼ਹਾਰ ਕਰਦਾ ਹੈ। ਇਹ ਫਿਲਮ ਪਿੰਡ- ਪਿੰਡ ਗ਼ਲੀ-ਗ਼ਲੀ ਮੁਹੱਲੇ ਮੁਹੱਲੇ ਚੱਪੇ ਚੱਪੇ ਤੇ ਲੋਕਾਂ ਨੂੰ ਦਿਖਾਓ। ਤਾਂ ਕਿ ਉਹਨਾਂ ਨੂੰ ਉਹ ਵਿਚਾਰਧਾਰਾ ਸਮਝ ਆ ਸਕੇ ਜੋ ਉਹਨਾਂ ਦੀ ਆਪਣੀ ਵਿਚਾਰਧਾਰਾ ਹੋਣੀ ਚਾਹੀਦੀ ਹੈ। ਜੋ ਧਰਮ ਮਨੁੱਖ ਨੂੰ ਮਨੁੱਖ ਨਾ ਸਮਝੇ ਉਸ ਧਰਮ ਦੇ ਵਿਰੋਧੀ ਸਨ ਸਾਡੇ ਰਹਿਬਰ ਫੂਲੇ ਜੀ । ਲੱਖ ਲੱਖ ਪ੍ਰਣਾਮ।

# ਜੰਗ ਕੋਈ ਮਸਲੇ ਦਾ ਹੱਲ ਨਹੀਂ ਹੈ ਕਿਉਂਕਿ ਜੰਗ ਲੱਗਣ ਨਾਲ ਲਾਸ਼ਾਂ ਇੱਧਰ ਵੀ ਡਿੱਗਣਗੀਆਂ ਤੇ ਲਾਸ਼ਾਂ ਉੱਧਰ ਵੀ ਡਿੱਗਣਗੀਆਂ : ਲੰਬੜਦਾਰ ਰਣਜੀਤ ਰਾਣਾ

**ਹੁਸ਼ਿਆਰਪੁਰ ( ਤਰਸੇਮ ਦੀਵਾਨਾ )** 22 ਅਪ੍ਰੈਲ ਨੂੰ ਪਹਿਲਗਾਮ ਵਿੱਚ 25 ਸੈਲਾਨੀ ਅਤੇ ਇੱਕ ਕਸ਼ਮੀਰੀ ਨੌਜਵਾਨ ਦਹਿਸ਼ਤੀ ਕਤਲੇਆਮ ਦੀ ਭੇਂਟ ਚੜ੍ਹ ਗਏ ਸੀ। ਬੇਕਸੂਰ ਮਾਰੇ ਗਏ ਨਿਹੱਥੇ ਸੈਲਾਨੀਆਂ ਦੇ ਇਸ ਦਹਿਸ਼ਤੀ ਦੇ ਕਾਰਨਾਮੇ ਦੀ ਹਰ ਪਾਸਿਓਂ ਸਖ਼ਤ ਅਲੋਚਨਾ ਕੀਤੀ ਗਈ ਸੀ। ਸਮੁੱਚੇ ਮੁਲਖ ਅੰਦਰ ਭਾਰਤੀ ਹਾਕਮਾਂ ਨੂੰ ਲੋਕਾਂ ਦੇ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ ਅਤੇ ਕਰਨਾ ਪੈ ਰਿਹਾ ਹੈ । ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਰਬ ਮੁਲਕਾਂ ਦਾ ਦੌਰਾ ਵਿਚਕਾਰ ਛੱਡ ਕੇ ਵਾਪਸ ਭਾਰਤ ਪਰਤ ਆਇਆ ਸੀ।ਪਰ ਸਾਰੇ ਘਟਨਾ ਕ੍ਰਮ ਤੇ ਸਰਕਾਰ ਦਾ ਪੱਖ ਲੋਕਾਂ ਸਾਹਮਣੇ ਰੱਖਣ ਲਈ ਪ੍ਰੈੱਸ ਕਾਨਫਰੰਸ ਕਰਨ ਦੀ ਥਾਂ ਬਿਹਾਰ ਜਾਕੇ ਵੋਟਾਂ ਦੀ ਫ਼ਸਲ ਮੁੰਨਣ ਲਈ ਤੁਰ ਪਿਆ ਸੀ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸਥਾਨਕ ਮਹੱਲਾ ਭੀਮ ਨਗਰ ਦੇ ਗੁਰਦੁਆਰਾ ਸਾਹਿਬ ਸਤਿਗੁਰੂ ਰਵਿਦਾਸ ਮਹਾਰ-ਾਜ ਜੀ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਪੁਰਹੀਰਾਂ ਪਿੰਡ ਦੇ ਲੰਬੜਦਾਰ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਹਨਾਂ ਕਿਹਾ ਕਿ ਇਸੇ ਕੜੀ ਤਹਿਤ ਭਾਰਤ ਵਲੋਂ ਪਾਕਿਸਤਾਨ ਤੇ ਅਪਰੇਸ਼ਨ 'ਸੰਧੂਰ' ਦੇ ਨਾਮ ਤੇ ਮਿਜਾਈਲਾ ਨਾਲ ਹਮਲਾ ਕੀਤਾ ਗਿਆ ਜਿਸ ਨਾਲ ਅਣਗਿਣਤ ਮਾਵਾਂ-ਭੈਣਾਂ ਦੇ ਸੰਧੂਰ ਉਜੜਨਗੇ ਅਤੇ ਉਂਜੜ ਗਏ । ਉਹਨਾ ਕਿਹਾ ਕਿ ਇਸ ਜੰਗ ਵਿੱਚ ਲਾਸ਼ਾਂ ਇੱਧਰ ਵੀ ਡਿੱਗਣਗੀਆਂ ਅਤੇ ਲਾਸ਼ਾਂ ਉੱਧਰ ਵੀ ਡਿੱਗਣਗੀਆਂ। ਉਹਨਾਂ ਕਿਹਾ ਕਿ 1971 ਦੀ ਜੰਗ ਵਿੱਚ ਕਿੰਨੇ ਘਰ ਉੱਜੜ ਗਏ ,ਕਿੰਨੇ ਬੱਚੇ ਯਤੀਮ ਹੋ ਗਏ ,ਕਿੰਨੀਆਂ ਭੈਣਾਂ ਵਿਧਵਾ ਹੋ ਗਈਆਂ, ਬੁੱਢੇ ਮਾਂ-ਬਾਪ ਦੀ ਬੁਢੇਪੇ ਦੀ ਡੰਗੋਰੀ ਲੁੱਟੀ ਗਈ,ਉਹ ਵੀ ਸਭ ਦੇ ਸਾਹਮਣੇ ਹੈ।



ਉਹਨਾਂ ਕਿਹਾ ਕਿ ਇਸ ਜ਼ੰਗ ਵਿੱਚ ਪੇਟ ਦੀ ਅੱਗ ਬੁਝਾਉਣ ਲਈ ਭਰਤੀ ਹੋਏ ਭਾਰਤ ਅਤੇ ਪਾਕਿਸਤਾਨ ਦੇ ਫ਼ੌਜੀ ਮੌਤ ਨੂੰ ਬੇਵਜ੍ਹਾ ਗਲ ਨਾਲ ਲਾਉਣਗੇ ਅਤੇ ਬੱਚੇ ਅਨਾਥ ਹੋਣਗੇ, ਜਵਾਨ ਧੀਆਂ ਵਿਧਵਾ ਹੋਣ ਲਈ ਸਰਾਪੀਆਂ ਜਾਣਗੀਆਂ, ਬੁੱਢੇ ਮਾਂ ਬਾਪ ਦੇ ਬੁਢਾਪੇ ਦੀ ਡੰਗੋਰੀ ਜੰਗ ਦੀ ਭੇਂਟ ਚੜ੍ਹ ਜਾਵੇਗੀ। ਸਰਹੱਦ ਤੋਂ ਤਿਰੰਗੇ ਵਿੱਚ ਭਾਰਤੀ ਫੌਜੀਆਂ ਦੀ ਲਾਸ਼ਾਂ ਨੂੰ ਲਪੇਟ ਕੇ ਲਿਆਂਦਾ ਜਾਵੇਗਾ। ਫ਼ੌਜ ਦੇ ਇਨ੍ਹਾਂ ਜਵਾਨਾਂ ਨੂੰ ਸ਼ਹੀਦ ਦਾ ਦਰਜਾ ਦੇ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਜ਼ਬਰੀ ਥੋਪੀ ਗਈ ਜੰਗ ਵਿੱਚ ਨਰਿੰਦਰ ਮੋਦੀ-ਅਮਿਤ ਸ਼ਾਹ -ਰਾਜਨਾਥ ਵਰਗਿਆਂ ਅਤੇ ਅੰਬਾਨੀਆਂ- ਅਡਾਨੀਆਂ ਅਤੇ ਗੋਦੀ ਮੀਡੀਆ ਦੇ ਜੰਗ ਜੰਗ ਦਾ ਚੀਕ ਚਿਹਾੜਾ ਪਾ ਰਹੇ ਐਂਕਰਾਂ ਦਾ ਵਾਲ ਵੀ ਵਿੰਗਾ ਨਹੀਂ ਹੋਵੇਗਾ। ਮਰਨਾ ਤਾਂ ਅਸੀਂ ਤੁਸੀਂ ਹੀ ਹੈ।ਗਰੀਬੀ, ਭੁੱਖਮਰੀ ਲੋਕਾਂ ਦੇ ਬੁਨਿਆਦੀ ਮਸਲੇ ਜੰਗੀ ਜਾਨੂੰਨ ਦੇ ਬੋਝ ਥੱਲੇ ਦੱਬਕੇ ਰਹਿ ਜਾਣਗੇ।ਉਹਨਾ ਕਿਹਾ ਕਿ ਜ਼ੰਗ ਕਿਸੇ ਮਸਲੇ ਦਾ ਹੱਲ ਨਹੀਂ,ਹੈ ਅਤੇ ਨਾ ਹੀ ਜੰਗ ਲੋਕਾਂ ਦੀ ਲੋੜ ਹੁੰਦੀ ਹੈ। ਭਾਰਤ-ਪਾਕਿ ਨਿਹੱਕੀ ਜੰਗ-ਬੰਦ ਕਰਨ, ਪਹਿਲਗਾਮ ਦੀ ਘਟਨਾ ਨੂੰ ਆਧਾਰ ਬਣਾ ਕੇ ਫਿਰਕੂ ਵੰਡੀਆਂ ਪਾਉਣ ਦੀਆਂ ਕੋਸਿਸ਼ਾਂ ਬੰਦ ਕਰਨ, ਮੁਸਲਿਮ ਨਾਗਰਿਕਾਂ ਦੀ ਸੁਰੱਖਿਆ ਯਕੀਨੀ ਬਣਾਉਣ, ਪਹਿਲਗਾਮ ਘਟਨਾ ਦੀ ਨਿਆਂਇਕ ਜਾਂਚ ਕਰਵਾਕੇ ਦੋਸ਼ੀਆਂ ਨੂੰ ਸਜ਼ਾ ਦੇਣ, ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਨ।

## ਤੇਰਾ ਪਿਆਰ

ਬਿਨ ਡਰ ਤੋਂ ਸ਼ਰੇ ਬਾਜਾਰ
ਕੋਈ 'ਨੀਂ ਕਰ ਸਕਦਾ ।
ਜਿਵੇਂ ਤੂੰ ਕੀਤੈ ਇਜ਼ਹਾਰ
ਕੋਈ 'ਨੀਂ ਕਰ ਸਕਦਾ ।
ਭਾਵੇਂ ਜੱਗ ਵਿੱਚ ਸੋਹਣਿਆਂ
ਦੀ ਕੋਈ ਘਾਟ ਨਹੀਂ ;
ਸੱਜਣਾ ਤੇਰੇ ਵਾਂਗੂੰ ਪਿਆਰ
ਕੋਈ 'ਨੀਂ ਕਰ ਸਕਦਾ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## .ਗ਼ਜ਼ਲ




ਚੌਕ-ਚੁਰਾਹੇ ਹੁੰਦੈ ਪੱਕਾ, ਹਰਦਮ ਇੱਟ-ਖੜੱਕਾ।
ਦੇਖਣ ਵਾਲੈ ਹੱਕਾ-ਬੱਕਾ, ਹਰਦਮ ਇੱਟ-ਖੜੱਕਾ।
ਹੋਵੇ ਤਕੜੇ ਦੀ ਸਰਦਾਰੀ, ਚਰਨੀਂ ਦੁਨੀਆ ਸਾਰੀ,
ਮਾੜੇ ਨਾਲ ਸਦਾ ਹੀ ਧੱਕਾ, ਹਰਦਮ ਇੱਟ-ਖੜੱਕਾ।
ਕਿਰਤੀ-ਕਾਮੇ ਭੁੱਖੇ ਮਰਦੇ, ਵਿਹਲੜ ਮੌਜਾਂ ਕਰਦੇ,
ਦੂਹਰਾ ਕਰਨ ਕਦੇ ਨਾ ਡੱਕਾ, ਹਰਦਮ ਇੱਟ-ਖੜੱਕਾ।
ਦੇਖ ਗੁਆਂਢੀ ਰੱਜ ਕੇ ਖਾਂਦਾ, ਵੈਰੀ ਹੀ ਬਣ ਜਾਂਦਾ,
ਬੰਦੇ ਵਿੱਚ ਰਹੇ ਨਾ ਫੱਕਾ, ਹਰਦਮ ਇੱਟ-ਖੜੱਕਾ।
ਬਣ ਜਾਂਦੇ ਨੇ ਨਰਕ ਸ਼ਰੀਕੇ, ਭੁੱਲੇ ਸ਼ਰਮ-ਸਲੀਕੇ,
ਅੱਖ ਬਚਾ ਕੇ ਤੋੜਨ ਨੱਕਾ, ਹਰਦਮ ਇੱਟ-ਖੜੱਕਾ।
ਜਿੰਦਾਂ ਮਰਜ਼ੀ ਕਰੋ ਪੁਕਾਰਾਂ, ਮੰਨਣ ਤਦ ਸਰਕਾਰਾਂ,
ਕੀਤਾ ਜਾਮ ਜਦੋਂ ਵੀ ਚੱਕਾ, ਹਰਦਮ ਇੱਟ-ਖੜੱਕਾ।
ਅਣਖੀ ਬੰਦੇ ਅੜਦੇ ਰਹਿੰਦੇ, 'ਜ਼ਖ਼ਮੀ' ਪਿੰਡੇ ਸਹਿੰਦੇ,
ਤਪਦੀ ਲੂਅ ਜਾਂ ਹੋਵੇ ਠੱਕਾ, ਹਰਦਮ ਇੱਟ-ਖੜੱਕਾ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਜੰਗ ਨਹੀਂ ਅਮਨ...

ਜੰਗ ਨਹੀਂ ਅਮਨ ਚਾਹੁੰਦੇ ਨੇ...
ਹਰ ਦੇਸ਼ ਦੇ ਨਾਗਰਿਕ ਸੱਜਣਾ..!
ਜੰਗ ਨਹੀਂ... ਅਮਨ ਚਾਹੁੰਦੇ ਨੇ
ਨਾ ਦਹਿਸ਼ਤਗਰਦਾਂ ਦੁਖ ਸਹਿਣੇ ਨੇ
ਨਾ ਨੇਤਾਵਾਂ ਦੇ ਵਾਲ ਵਿੰਗੇ ਹੋਣੇ ਨੇ
ਅਮੀਰਾਂ ਤੇ ਰਜਵਾੜਿਆਂ ਦੇ ਉੱਤੇ ਵੀ
ਇਹਨਾਂ ਜੰਗਾਂ ਦੇ ਅਸਰ ਨਹੀਂ ਹੋਣੇ ਨੇ
ਸਭ ਦੇ ਬਿਜ਼ਨਸ ਚੱਲਣੇ ਨੇ
ਮਹਿੰਗਾਈ ਨੇ ਲੋਕ ਮਿਧਣੇ ਨੇ
ਸਾਡੇ ਹੀ ਘਰ ਕੁਲੇ ਢਹਿਣੇ ਨੇ
ਸਾਡੇ ਹੀ ਬਾਲ ਪਿਆਰੇ ਰੁਲਣੇ ਨੇ
ਸਾਡੇ ਹੀ ਰੁਜ਼ਗਾਰ ਖੁਸਣੇ ਨੇ
ਇੱਥੇ ਜੰਗ ਨਹੀਂ ਅਮਨ ਚਾਹੁੰਦੇ ਨੇ......
ਇਧਰ ਤੇ ਉਧਰ ਦੇ ਜੋ ਆਮ ਲੋਕੀਂ ਨੇ
ਉਹ ਤਾਂ ਜੰਗ ਦੇ ਨਾ ਹੱਕ ਵਿੱਚ ਨੇ
ਲੋਕਾਂ ਦੀਆਂ ਮੁਸ਼ਕਿਲਾਂ ਇੱਕੋ ਨੇ
ਸਭ ਲੋਕਾਂ ਦੇ ਦਿਲ ਸਾਫ਼ ਸੁਥਰੇ ਨੇ
ਇੱਕ ਦੂਜੇ ਨੂੰ ਮੁਹੱਬਤ ਕਰਦੇ ਨੇ
ਇਹ ਗੋਲੀਆਂ ਤੋਂ ਡਰਦੇ ਨੇ
ਆਪਣਿਆਂ ਦੀਆਂ ਲਾਸ਼ਾਂ ਵੇਖ ਕੇ
ਇਹ ਜਿਉਂਦੇ ਲਾਸ਼ਾਂ ਬਣ ਜਾਣੇ ਨੇ
ਮਸਾਂ ਹੀ ਦੁੱਖ ਚੋਂ ਉਠੇ ਨੇ
ਅਜੇ ਤਾਂ 47 ਵੀ ਨਹੀਂ ਭੁੱਲੇ ਨੇ
65-71 ਦੇ ਜ਼ਖ਼ਮ ਵੀ ਤਾਂ ਅੱਲ੍ਹੇ ਨੇ
ਵੰਡੀਆਂ ਪੈ ਜਾਂਦੀਆਂ ਸਾਡੀਆਂ ਨੇ
ਸਾਡੇ ਹੀ ਘਰ ਉਜੜਦੇ ਨੇ
ਇੱਥੇ ਜੰਗ ਨਹੀਂ ਅਮਨ ਚਾਹੁੰਦੇ ਨੇ......
ਰਾਜ ਕਰਨ ਲਈ ਹਾਕਮ ਨੇ
ਸਾਡੇ ਦਰਦ ਕਿਸੇ ਨਾ ਜਾਣੇ ਨੇ
ਇੱਥੇ ਹਉਮੈਂ ਦੇ ਸਭ ਤਾਣੇ ਬਾਣੇ ਨੇ
ਧਰਤੀ ਸਾਡਾ ਹੀ ਖ਼ੂਨ ਕਿਉਂ ਮੰਗਦੀ ਹੈ
ਸਾਡੇ ਘਰਾਂ 'ਤੇ ਹੀ ਕਿਉਂ ਡਾਕੇ ਪੈਂਦੇ ਨੇ?
ਸਾਫ਼ ਤੇ ਕਿਰਤੀ ਲੋਕਾਂ ਨੂੰ
ਦਰਦ ਕਿਉਂ ਸਹਿਣੇ ਪੈਂਦੇ ਨੇ?
ਇੱਥੇ ਜੰਗ ਨਹੀਂ ਅਮਨ ਚਾਹੁੰਦੇ ਨੇ.....
ਸਾਡੇ ਵੀ ਕੁਝ ਕੁ ਸੁਪਨੇ ਨੇ
ਜੋ ਅਕਸਰ ਹੀ ਰੁਲ ਜਾਂਦੇ ਨੇ
ਵਿਸ਼ਵ ਸ਼ਾਂਤੀ ਸੰਗਠਨ ਵੀ ਬਣਾਏ ਨੇ
ਕੋਈ ਵੀ ਲੋਕਾਂ ਦੇ ਹੱਕ ਵਿੱਚ ਨਾ ਆਏ ਨੇ
ਇਹ ਸਭ ਦਿਖਾਵੇ ਕਿਉਂ ਕਰਦੇ ਨੇ?
ਜੋ ਆਮ ਲੋਕੀਂ ਹੀ ਮਰਨੇ ਨੇ....
ਪੰਜ ਤਾਰਾ ਹੋਟਲਾਂ ਵਿੱਚ ਕੁਰਸੀਆਂ 'ਤੇ ਬਹਿ ਕੇ
ਕਦ ਆਮ ਲੋਕਾਂ ਦੇ ਹੱਕ ਵਿੱਚ ਫ਼ੈਸਲੇ ਹੁੰਦੇ ਨੇ
ਇਹਨਾਂ ਦੀਆਂ ਮੁਸ਼ਕਿਲਾਂ ਕੋਈ ਨਾ ਸੁਣਦੇ ਨੇ
ਇਧਰ ਮਰਨੇ ਜਾਂ ਉਧਰ ਮਰਨੇ ਨੇ...
ਘਰ ਸਾਡੇ ਹੀ ਤਾਂ ਸੜਨੇ ਨੇ
ਉ ਬੰਦ ਕਰੋ ਹਾਕਮੋ ਇਹਨਾਂ ਜੰਗਾਂ ਨੂੰ
ਇੱਥੇ ਜੰਗ ਨਹੀਂ ਅਮਨ ਚਾਹੁੰਦੇ ਨੇ।
ਇੱਥੇ ਜੰਗ ਨਹੀਂ ਅਮਨ ਚਾਹੁੰਦੇ ਨੇ।



**ਪਰਵੀਨ ਕੌਰ ਸਿੱਧੂ**

## ਮੇਰੀ ਕਵਿਤਾ

ਮੇਰੀ ਕਵਿਤਾ
ਮੇਰੀ ਸਹੇਲੀ
ਆ ਜਾਂਦੀ ਏ
ਮੇਰੇ ਕੋਲ
ਬਹਿ ਜਾਂਦੀ ਏ
ਮੋਢਾ ਜੋੜ
ਦੁੱਖ ਸੁੱਖ 'ਚ
ਸਾਥ ਨਿਭਾਉਂਦੀ
ਕਾਗਜ਼ ਕਲਮ
ਹੱਥ ਫੜਾਉਂਦੀ
ਮੇਰੀ ਕਵਿਤਾ
ਮੈਨੂੰ ਕਹਿੰਦੀ
ਕਿਉਂ ਏ
ਤੂੰ ਚੁੱਪ ਚੁੱਪ ਰਹਿੰਦੀ
ਹੱਸਿਆ ਕਰ ਤੇ
ਗਾਇਆ ਕਰ
ਕਲਮ ਕਾਗਜ਼
'ਤੇ ਵਾਹਿਆ ਕਰ
ਮੇਰੀ ਕਵਿਤਾ ਮੈਨੂੰ
ਕਹਿੰਦੀ ਲੋਕੀ ਮੰਦਿਰ
ਮਸਜਿਦ ਜਾਂਦੇ
ਤਰਲੇ ਕੱਢਦੇ ਤੇ
ਮੁੜ ਆਉਂਦੇ
ਮੈਂ ਤਾਂ ਤੇਰੇ
ਨਾਲ ਖੜ੍ਹੀ ਹਾਂ
ਤੇਰੇ ਚੇਤਿਆਂ
ਵਿਚ ਵੜੀ ਹਾਂ
ਤੂੰ ਕੀ ਕਰਨਾ
ਮੰਦਿਰ ਜਾ ਕੇ
ਤਰਲੇ ਕੱਢ ਕੇ
ਫੁੱਲ ਚੜ੍ਹਾ ਕੇ
ਕਲਮ ਕਾਗਜ਼ 'ਤੇ
ਵਾਹਿਆ ਕਰ
ਹੱਸਿਆ ਕਰ ਤੇ
ਗਾਇਆ ਕਰ



**ਹਰਸਿਮਰਤ ਕੌਰ**



# ਜੀ ਡੀ ਗੋਇਨਕਾ ਸਕੂਲ ਦੇ ਵਿਦਿਆਰਥੀਆਂ ਦਾ ਸਿਲਵਰ ਜੋਨ ਫਾਊਂਡੇਸ਼ਨ ਓਲੰਪਿਆਡ ਪ੍ਰਤੀਯੋਗਤਾ 'ਚ ਸ਼ਾਨਦਾਰ ਪ੍ਰਦਰਸ਼ਨ

## 7 ਗੋਲਡ, 3 ਸਿਲਵਰ ਅਤੇ 3 ਬਰੋਨਜ ਮੈਡਲ ਕੀਤੇ ਹਾਸਲ

**ਕਪੂਰਥਲਾ (ਕੌੜਾ)–** ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਦੇ ਵਿਦਿਆਰਥੀਆਂ ਨੇ ਸਿਲਵਰ ਜੋਨ ਫਾਊਡੇਸ਼ਨ ਓਲੰਪਿਆਡ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ । ਇਹ ਮੁਕਾਬਲਾ ਸਿਲਵਰ ਜ਼ੋਨ ਫਾਊਂਡੇਸ਼ਨ ਦੀਆਂ ਹਦਾਇਤਾਂ ਅਨੁਸਾਰ ਸਕੂਲ ਵਿੱਚ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ ਜਮਾਤਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਗੁਰ-ਜਾਪ ਸਿੰਘ, ਸੁਪ੍ਰੀਤ ਸਿੰਘ, ਕੀਰਤਵੀਰ ਸਿੰਘ, ਅਮਨੀਤ ਕੌਰ, ਗੁਰਨੂਰ ਸਿੰਘ, ਹਰਨਵ ਸਿੰਘ ਅਤੇ ਰਿਪਨਜੋਤ ਸਿੰਘ ਨੇ ਸੋਨ ਤਗਮੇ , ਸਾਨਵੀ ਗਰਗ, ਇਨ-ਾਇਤ ਕੌਰ, ਤਰਨਪ੍ਰੀਤ ਸਿੰਘ ਨੇ



ਚਾਂਦੀ ਦੇ ਤਗਮੇ ਜਿੱਤੇ ਅਤੇ ਵਿਕਰਮ ਸਿੰਘ, ਸਾਹਿਬਨੂਰ ਸਿੰਘ, ਸਿਮਰਪ੍ਰੀਤ ਕੌਰ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਬਰੋਨਜ ਮੈਡਲ ਅਤੇ ਸਰਟੀਫਿਕੇਟ ਹਾਸਲ ਕੀਤੇ । ਵਿਦਿਆਰਥੀਆਂ ਦੀ ਇਸ ਸ਼ਾਨਦਾਰ ਕਾਰਗੁਜਾਰੀ ਨੂੰ ਦੇਖਦਿਆਂ ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ , ਸਕੱਤਰ ਸ੍ਰੀਮਤੀ ਪਰਮਿੰਦਰ ਕੌਰ ਨੇ ਜੇਤੂ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਵਿਦਿਆਰਥੀ ਸਮੇਂ-ਸਮੇਂ ਤੇ ਕਰਵਾਈਆਂ ਜਾ ਰਹੀਆਂ ਵੱਖ-ਵੱਖ ਪ੍ਰਤੀਯੋਗਤਾਵਾਂ ਵਿੱਚ ਭਾਗ ਲੈ ਕੇ ਸਕੂਲ ਦਾ ਨਾਂ ਰੌਸ਼ਨ ਕਰ ਰਹੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਬੀ ਪੀ ਈ ਉ ਸੰਜੀਵ ਕੁਮਾਰ ਹਾਂਡਾ ਨੇ ਸਿੱਖਿਆ ਬਲਾਕ ਸੁਲਤਾਨਪੁਰ ਲੋਧੀ ਅਤੇ ਮਸੀਤਾਂ ਦਾ ਵਾਧੂ ਚਾਰਜ ਸੰਭਾਲਿਆ, ਅਧਿਆਪਕਾਂ ਵੱਲੋਂ ਨਿੱਘਾ ਸਵਾਗਤ



**ਬਤੌਰ ਬੀ ਪੀ ਈ ਉ ਵਜੋਂ ਅਹੁਦਾ ਸੰਭਾਲਣ ਮੌਕੇ ਸੰਜੀਵ ਕੁਮਾਰ ਹਾਂਡਾ ਦਾ ਸਵਾਗਤ ਕਰਦੇ ਹੋਏ ਅਧਿਆਪਕ ਆਗੂ।**

**ਕਪੂਰਥਲਾ ( ਵਿਸ਼ੇਸ਼ ਪ੍ਰਤੀਨਿਧ)** - ਸਿੱਖਿਆ ਵਿਭਾਗ ਦੇ ਨਿਰਦੇਸ਼ਾਂ ਤਹਿਤ ਬਲਾਕ ਕਪੂਰਥਲਾ -2 ਵਿੱਚ ਬਤੌਰ ਬੀ ਪੀ ਈ ਉ ਵਜੋਂ ਬਾਖੂਬੀ ਸੇਵਾਵਾਂ ਨਿਭਾਅ ਰਹੇ ਸੰਜੀਵ ਕੁਮਾਰ ਹਾਂਡਾ ਨੇ ਅੱਜ ਬਲਾਕ ਸੁਲਤਾਨ-ਪੁਰ ਲੋਧੀ 1 ਅਤੇ ਮਸੀਤਾਂ ਦਾ ਬਤੌਰ ਬੀ ਪੀ ਈ ਉ ਵਜੋਂ ਵਾਧੂ ਚਾਰਜ ਸੰਭਾਲ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ।ਇਸ ਤੋਂ ਪਹਿਲਾਂ ਬਲਾਕ ਸਿੱਖਿਆ ਦਫ਼ਤਰ ਸੁਲਤਾਨਪੁਰ ਲੋਧੀ ਪਹੁੰਚਣ ਤੇ ਦੋਵਾਂ ਸਿੱਖਿਆ ਬਲਾਕਾਂ ਦੇ ਅਧਿਆਪਕਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਅਹੁਦਾ ਸੰਭਾਲਣ ਮੌਕੇ ਬੀ ਪੀ ਈ ਉ ਸੰਜੀਵ ਕੁਮਾਰ ਹਾਂਡਾ ਨੇ ਕਿਹਾ ਕਿ ਉਹ ਅਧਿਆਪਕਾਂ ਦੇ ਸਹਿਯੋਗ ਨਾਲ ਵਿਭਾਗ ਵੱਲੋਂ ਚਲਾਏ ਜਾ ਰਹੇ ਮਿਸ਼ਨ ਸਮਰੱਥ ਦੇ ਟੀਚਿਆਂ ਤੇ ਦਾਖਲਾ ਮੁਹਿੰਮ ਵਿੱਚ ਬੱਚਿਆਂ ਦੀ ਗਿਣਤੀ ਸਕੂਲਾਂ ਵਿਚ ਵਧਾਉਣ ਦੇ ਵੀ ਟੀਚਿਆਂ ਨੂੰ ਪੂਰਾ ਕਰਨਗੇ ਅਤੇ ਸਕੂਲਾਂ ਵਿੱਚ ਪੜ੍ਹਾਈ ਦੇ ਮਿਆਰ ਨੂੰ ਉੱਪਰ ਚੁੱਕਣ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਨੇ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਤਨੋਂ ਮਨੋਂ ਸਮਰਪਿਤ ਹੋ ਕੇ ਸਕੂਲਾਂ ਵਿੱਚ ਦਾਖ਼ਲਾ ਵਧਾਉਣ ਦੇ ਨਾਲ ਨਾਲ ਵਿਭਾਗ ਦੇ ਟੀਚਿਆਂ ਨੂੰ ਵੀ ਪੂਰਾ ਕਰਨ। ਉਨ੍ਹਾਂ ਨੇ ਕਿਹਾ ਕਿ ਦਫ਼ਤਰ ਵਿੱਚ ਅਧਿਆਪਕਾਂ ਨੂੰ ਕਿਸੇ ਤਰ੍ਹਾਂ ਦੀ ਮੁਸ਼ਕਿਲ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਰਜੀਵ ਪਠਾਣੀਆਂ, ਅਮਨਦੀਪ ਕੌਰ, ਸਰਬਜੀਤ ਕੌਰ ਕੁਲਦੀਪ ਸਿੰਘ ਸੀ ਐਚ ਟੀ ਮੁਹੱਬਲੀਪੁਰ, ਹਰਵਿੰਦਰ ਜੀਤ ਕੌਰ ਸੀ ਐੱਚ ਟੀ ਸੁਲਤਾਨਪੁਰ ਲੋਧੀ,ਰਵੀ ਵਾਹੀ ਸੀ ਐੱਚ ਟੀ ਚੂਹੜਪੁਰ,ਰਾਜ ਕੁਮਾਰ ਸੀ ਐੱਚ ਟੀ ਮੇਵਾ ਸਿੰਘ ਵਾਲਾ,ਜਸਪਾਲ ਸਿੰਘ ਐੱਚ ਟੀ, ਬਰਿੰਦਰ ਸਿੰਘ, ਤਜਿੰਦਰ ਸਿੰਘ ਵਰਿੰਦਰ ਸਿੰਘ, ਜਗਮੋਹਨ ਸਿੰਘ,ਅਧਿਆਪਕ ਦਲ ਦੇ ਸੂਬਾਈ ਆਗੂ ਗੁਰਮੁੱਖ ਸਿੰਘ ਬਾਬਾ,ਸੀ ਐੱਚ ਟੀ ਬਿਕਰਮਜੀਤ ਸਿੰਘ, ਬਨਵਾਰੀ ਲਾਲ,ਕੁਲਦੀਪ ਚੰਦ, ਹਰਪ੍ਰੀਤ ਸਿੰਘ,ਸਰਬਜੀਤ ਸਿੰਘ ਅਮਰਕੋਟ, ਪ੍ਰਧਾਨ ਦੀਪਕ ਆਨੰਦ, ਯੋਗੇਸ਼ ਸ਼ੋਰੀ, ਆਦਿ ਅਧਿਆਪਕ ਤੇ ਸਮੂਹ ਸਟਾਫ਼ ਦਫਤਰ ਮੌਜੂਦ ਸੀ।

# ਜਲ ਸਪਲਾਈ ਸਕੀਮਾਂ ਤੇ ਸੁਕਾਡਾ ਸਿਸਟਮ ਲਗਾਉਣ ਅਤੇ ਪੰਚਾਇਤੀਕਰਨ ਦੇ ਵਿਰੋਧ ਵਿੱਚ ਦਿੱਤਾ ਧਰਨਾ

**ਫ਼ਰੀਦਕੋਟ (ਸਮਾਜ ਵੀਕਲੀ)** ਅੱਜ ਜਲ ਸਪਲਾਈ ਅਤੇ ਸੈਨੀਟੇਸ਼ਨ ਕੰਟਰੈਕਟਰ ਵਰਕਰਜ਼ ਯੂਨੀਅਨ ਜਿਲਾਂ ਫ਼ਰੀਦਕੋਟ ਵੱਲੋ ਮੁੱਖ ਨਿਗਰਾਨ ਇੰਜੀਨੀਅਰ ਦੇ ਦਫਤਰ ਦੇ ਸਾਹਮਣੇ ਰੋਸ ਧਰਨਾ ਪ੍ਰਦਰਸ਼ਨ ਕੀਤਾ ਗਿਆ।

ਇਸ ਸਮੇ ਸੂਬਾ ਕਮੇਟੀ ਦੇ ਮੈਂਬਰ ਪ੍ਰੇਮਜੀਤ ਸਿੰਘ ਕਲਿਆਣ ਨੇ ਸਰਕਾਰ ਖਿਲਾਫ ਰੋਸ ਪ੍ਰਗਟ ਕੀਤਾ ਕਿ ਜਲ ਸਪਲਾਈ ਸਕੀਮਾਂ ਤੇ ਸੁਕਾਡਾਂ ਸਿਸਟਮ ਲਗਾਉਣ ਅਤੇ ਪੰਚਾਇਤੀਕਰਨ ਦੇ ਵਿਰੋਧ ਸਾਹੀ ਫੁਰਮਾਨਾਂ ਦਾ ਤਿੱਖੇ ਸ਼ਬਦਾਂ ਵਿੱਚ ਖੰਡਨ ਕੀਤਾ ਅਤੇ ਜ਼ਿਲਾ ਪ੍ਰਧਾਨ ਤਰਸੇਮ ਸਿੰਘ ਪੱਖੀ ਕਲਾਂ ਨੇ ਪੰਜਾਬ ਸਰਕਾਰ ਨੂੰ ਅਜਿਹੇ ਸਾਹੀ ਫੁਰਮਾਨਾਂ ਨੂੰ ਤੁਰੰਤ ਵਾਪਸ ਲੈਣ ਲਈ ਕਿਹਾ, ਓਨਾਂ ਕਿਹਾ ਜੇਕਰ ਪੰਜਾਬ ਸਰਕਾਰ ਨੇ ਇਸ ਵਾਪਸ ਨਹੀ ਲਿਆਂ ਤਾਂ ਸੰਘਰਸ਼ ਨੂੰ ਹੋਰ ਤੇਜ ਕੀਤਾ ਜਾਵੇਗਾ।

ਸਰਕਲ ਪ੍ਰਧਾਨ ਰਾਮ ਸਿੰਘ ਨੇ ਕਿਹਾ ਸਰਕਾਰ ਵੱਲੋ ਜੋ ਤਨਖਾਹ ਵਧਾਈ ਜਾਂਦੀ ਹੈ , ਓਹ ਮਹਿਕਮੇ ਵੱਲੋ ਨਹੀ ਵਧਾਈ ਜਾਂਦੀ , ਸਾਡੇ ਕੁਝ ਅਜਿਹੇ ਮੁਲਾਜ਼ਮ ਹਨ , ਜਿੰਨਾ ਨੂੰ ਤਿੰਨ ਮਹੀਨੇ ਹੋ ਗਏ, ਤਨਖਾਹ ਨਹੀ ਮਿਲੀ ਅਤੇ ਸਾਡੇ ਮਹਿਕਮੇ ਵਿੱਚ ਆਊਟ ਸੋਰਸ ਮੁਲਾਜ਼ਮਾਂ ਦਾ ਨਾ ਤਾਂ ਈ.ਪੀ.ਐਫ ਕੱਟਿਆਂ ਜਾਂਦਾ ਤੇ ਨਾਹੀ ਈ.ਐਸ. ਆਈ ਕਾਰਡ ਬਣੇ । ਜੋ ਕਿ ਬਹੁਤ ਜਰੂਰੀ ਹਨ।

ਇਸ ਤੋ ਇਲਾਵਾਂ ਭਰਾਤਰੀ ਜੱਥੇਬੰਦੀ ਦੇ ਬਲਕਾਰ ਸਿੰਘ ਸਹੋਤਾ ਜਨਰਲ ਸਕੱਤਰ 'ਦੀ ਫੋਰਥ ਕਲਾਸ ਗੌਰਮਿੰਟ ਯੂਨੀਅਨ ਫ਼ਰੀਦਕੋਟ' ਨੇ ਭਰੋਸਾ ਦਿਵਾਇਆਂ ਕਿ ਓਹ ਸੰਘਰਸ਼ਾਂ ਦੇ ਪਿੜ ਵਿੱਚ ਤੁਹ-ਾਡੇ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਾਂ। ਏਨਾਂ ਤੋ ਬਾਅਦ ਰੁਪਿੰਦਰ ਸਿੰਘ ਕਿੰਗਰਾਂ ਨੇ ਵੀ ਪੰਜਾਬ ਸਰਕਾਰ ਦੀ ਰੱਜ ਕੇ ਨਿਖੇਧੀ ਕੀਤੀ। ਇਸ ਸਮੇਂ ਠਾਣਾ ਸਿੰਘ, ਗੁਰਤੇਜ ਸਿੰਘ, ਹਰਮਨ ਸਿੰਘ, ਮਹਿਲ ਸਿੰਘ, ਸਹਿਜਾਦ ਆਲਮ,ਸੁਨੀਲ ਕੁਮਾਰ, ਕੁਲਵਿੰਦਰ ਸਿੰਘ,ਗੁਰਸ਼ਰਨਜੀਤ ਸਿੰਘ ਸੰਧੂ ਆਦਿ ਹਾਜ਼ਰ ਸਨ।

# ਮਿੰਨੀ ਕਹਾਣੀ/ ਗੋਲੀ



ਮਾਂ ਵੱਲੋਂ ਦਿੱਤੀ ਗੋਲੀ ਚੂਸਦਿਆਂ ਹੀ ਬੱਚਾ ਝੱਟ ਬੋਲ ਉਠਿਆ,' ਮੰਮੀ! ਗੋਲੀ ਕਿੰਨੀ ਮਿੱਠੀ ਤੇ ਸੁਆਦ ਐ!' ਮਾਂ ਸੁਣਦਿਆਂ ਹੀ ਗਦ-ਗਦ ਹੋ ਉਠੀ। ਪਰ ਫਿਰ ਉਸ ਬੱਚੇ ਨੂੰ ਛਾਤੀ ਨਾਲ ਘੁੱਟਿਆ ਤੇ ਕਹਿਣ ਲੱਗੀ,' ਬੇਟਾ! ਇਹ ਗੋਲੀ ਤਾਂ ਸੱਚੀਂ ਮਿੱਠੀ ਤੇ ਸੁਆਦ ਈ ਹੋਵੇਗੀ ਪਰ--?', ਮਾਂ 'ਪਰ' ''ਤੇ ਰੁਕੀ ਤੇ ਬੱਚਾ ਗੋਲੀ ਚੂਸਦਾ-ਚੂਸਦਾ ਮਾਂ ਦੇ ਭਾਵਪੂਰਤ ਚਿਹਰੇ ਵੱਲ ਤੱਕਣ ਲੱਗਾ। ਪਰ ਮਾਂ ਅੱਗਿਓਂ ਕੁਝ ਨਾ ਬੋਲੀ ਤੇ ਅੰਦਰ ਹੀ ਅੰਦਰ ਸੋਚੀਂ ਪੈ ਗਈ,'ਪਰ ਤੂੰ ਕੀ ਜਾਣੇ ਬੱਚਾ, ਜੋ ਜੰਗ ਵੇਲੇ ਤੇਰੇ ਪਾਪਾ ਦੀ ਛਾਤੀ 'ਤੇ ਗੋਲੀ ਲੱਗੀ ਸੀ ਉਸਦੀ ਕੁੜੱਤਣ ਤੇ ਚੀਸ ਅੱਜ ਤੱਕ ਵੀ ਮੇਰੇ ਮੂੰਹ ਨੂੰ ਬੇਸੁਆਦਾ ਈ ਨੀਂ ਕਰ ਜਾਂਦੀ,ਬਲਕਿ ਉਹ ਅੱਜ ਤੱਕ ਵੀ ਮੇਰੀ ਛਾਤੀ ਵਿੱਚ ਖੁੱਭੀ ਹੋਈ ਪੀੜ ਦਿੰਦੀ ਐ!' ਭੋਲਾ ਬੱਚਾ ਆਪਣੀ ਮਾਂ ਦੀ ਪੀੜ ਖੌਰੇ ਸਮਝਿਆ ਜਾਂ ਨਹੀਂ ਪ੍ਰੰਤੂ ਆਪਣੀ ਮਾਂ ਦੀ ਛਾਤੀ ਨਾਲ ਹੋਰ ਘੁੱਟਿਆ ਜਾ ਰਿਹਾ ਸੀ।

**ਸੁਖਮਿੰਦਰ ਸੇਖੋਂ**
**98145-07693**

for more news visit: www.samajweekly.com

# ਤੈਂ ਕੀ ਦਰਦ ਨਾ ਆਇਆ?

ਜੇ ਜ਼ਿੰਦਗੀ ਵਿੱਚ ਪਰਾਇਆ ਦਰਦ ਮਹਿਸੂਸ ਕਰਨ ਦਾ ਗੁਣ ਨਾ ਹੁੰਦਾ ਤਾਂ ਬੰਦਾ ਵੀ ਬੰਦਾ ਨਹੀਂ, ਸਗੋਂ ਕੁਝ ਹੋਰ ਹੋਣਾ ਸੀ । ਧੁੱਪ ਤੇ ਛਾਂ, ਦਿਨ ਤੇ ਰਾਤ, ਦੁੱਖ ਤੇ ਸੁੱਖ, ਚੁੱਪ ਤੇ ਸ਼ੋਰ, ਖੁਸ਼ੀ ਤੇ ਗਮੀ, ਨੇੜੇ ਤੇ ਦੂਰ, ਸਰਦੀ ਤੇ ਗਰਮੀ, ਜੀਵਨ ਤੇ ਮੌਤ, ਇਹ ਪਉੜੀ ਚੜ੍ਹਦਿਆਂ ਜ਼ਿੰਦਗੀ ਦਾ ਪ੍ਰਵਾਹ ਚੱਲਦਾ ਆਇਆ ਹੈ ਤੇ ਚੱਲਦਾ ਰਹੇਗਾ ? ਹੁਣ ਜਿਸ ਤਰ੍ਹਾਂ ਦਾ ਕੁਹਿਲਣਾ ਸਮਾਂ ਚੱਲ ਰਿਹਾ ਹੈ ਉਸਨੇ ਲੋਕਾਂ ਦੇ ਮਨਾਂ ਅੰਦਰ ਪਦਾਰਥ ਇਕੱਠੇ ਕਰਨ ਦੀ ਹੋੜ ਪੈਦਾ ਕਰ ਦਿੱਤੀ ਹੈ । ਕੁਦਰਤੀ ਸੋਮਿਆਂ ਦੀ ਦੁਰਵਰਤੋਂ ਹੋ ਰਹੀ ਹੈ । ਲਾਲਚੀ ਬਿਰਤੀ ਵਾਲ਼ਿਆਂ ਵੱਲੋਂ ਆਪਣੀਆਂ ਕਈ ਕਈ ਪੁਸ਼ਤਾਂ ਦੇ ਵਿਹਲੇ ਬਹਿ ਕੇ ਖਾਣ ਦਾ ਸਾਜ਼ੋ ਸਾਮਾਨ ਇਕੱਠਾ ਕਰਨ ਲਈ ਧਰਤੀ ਦੀ ਹਿੱਕ ਪਾੜੀ ਜਾ ਰਹੀ ਹੈ । ਇਸ ਨਾ਼ਲ ਵਧ੍ਹ ਰਹੀ ਗਰਮਾਇਸ਼ ਕਾਰਨ ਪਾਣੀ ਦਾ ਠੋਸ ਰੂਪ ਤੇਜ਼ੀ ਨਾ਼ਲ ਤਰਲ ਰੂਪ ਵਿੱਚ ਬਦਲ ਰਿਹਾ ਹੈ ਜੋ ਮੌਸਮ ਦੇ ਵਿਗਾੜ ਦਾ ਕਾਰਨ ਬਣ ਰਿਹਾ ਹੈ। ਇੰਵ ਲਗਦਾ ਹੈ ਕਿ ਜਿਸ ਪਾਣੀ ਵਿੱਚੋਂ ਜੀਵਨ ਉਗਮਿਆ ਸੀ, ਉਹ ਪਾਣੀ ਹੀ ਇਸ ਜੀਵਨ ਦੇ ਖ਼ਤਮ ਹੋਣ ਦਾ ਕਾਰਨ ਬਣੇਗਾ। ਕੀ ਮਨੁੱਖ ਕੁਦਰਤ ਦੇ ਕਹਿਰ ਤੋਂ ਬੇਖ਼ਬਰ ਹੈ ? ਧਰਤੀ ਦੀ ਅੱਠ ਅਰਬ ਦੀ ਆਬਾਦੀ ਵਿੱਚੋਂ ਕੁਦਰਤੀ ਸੋਮਿਆਂ ਨੂੰ ਤਹਿਸ ਨਹਿਸ ਕਰਨ ਵਾ਼ਲੇ ਬਹੁਤੇ ਨਹੀਂ, ਬਸ ਮੁੱਠੀ ਕੁ ਭਰ ਲੋਕ ਹੀ ਹਨ । ਬਹੁਗਿਣਤੀ ਤਾਂ ਅਜੇ ਵੀ ਕੁਦਰਤ ਦੇ ਅੰਗ ਸੰਗ ਵੱਸਦੀ ਹੈ ਪਰ ਕੁਝ ਬਦਬਖ਼ਤਾਂ ਦੀਆਂ ਗ਼ਲਤੀਆਂ ਦਾ ਖਮਿਆਜ਼ਾ ਪੂਰੀ ਲੋਕਾਈ ਭੁਗਤ ਰਹੀ ਹੈ । ਧਰਤੀ ਦੇ ਕੁਝ ਘਰਾਣਿਆਂ ਨੇ ਆਮ ਲੋਕਾਂ ਨੂੰ ਰੰਡੀ ਤੇ ਮੰਡੀ ਸਮਝਿਆ ਹੋਇਆ ਹੈ। ਉਹ ਆਪਣੀ ਇਜਾਰੇਦਾਰੀ ਦੀ ਸਦਾ ਹੀ ਦੁਰਵਰਤੋਂ ਕਰਦੇ ਹਨ । ਪਹਿਲਾਂ ਜਦੋਂ ਦੁਨੀਆਂ ਵਿੱਚ ਕੋਈ ਲਾਗ ਵਾ਼ਲੀ ਮਹਾਂਮਾਰੀ ਫੈਲਦੀ ਸੀ ਤਾਂ ਉਸਦੀ ਰੋਕਥਾਮ ਲਈ ਸਾਲਾਂਬੱਧੀ ਖੋਜ ਪੜਤਾਲ ਤੋਂ ਬਾਅਦ ਨਵੀਂ ਵੈਕਸੀਨ ਬਣਾਈ ਜਾਂਦੀ ਸੀ। ਪਰ ਹੁਣ ਵੈਕਸੀਨਾਂ ਪਹਿਲਾਂ ਤੇ ਬਿਮਾਰੀਆਂ ਬਾਅਦ 'ਚ ਪੈਦਾ ਕੀਤੀਆਂ ਜਾਂਦੀਆਂ ਹਨ। ਹੁਣ ਇਸ ਗੱਲ ਦਾ ਕੋਈ ਅਤਾ ਪਤਾ ਨਹੀਂ ਹੈ ਕਿ ਭਵਿੱਖ ਵਿੱਚ ਕਿਸ ਮੰਡੀ ਵਿੱਚ ਕਿਹੜੀ ਚੀਜ਼ ਕਿਸ ਭਾਅ ਵਿਕਣੀ ਹੈ । ਹਰਾ ਇਨ-ਕਲਾਬ ਆਉਣ ਤੇ ਖੇਤੀਬਾੜੀ ਦਾ ਮਸ਼ੀਨੀਕਰਨ ਹੋ ਗਿਆ ਜਿਸ ਨਾ਼ਲ ਜ਼ਿਆਦਾਤਰ ਗਰੀਬ ਤੇ ਅਨਪੜ੍ਹ ਲੋਕਾਂ ਦੇ ਹੱਥਾਂ ਦੀ ਕਿਰਤ ਖੁਸ ਗਈ। ਖੇਤੀਬਾੜੀ ਦੇ ਜਿੰਨੇ ਵੀ ਆਧੁਨਿਕ ਸੰਦ ਹਨ, ਇਹ ਕਿਰਤੀਆਂ ਦੀ ਰੋਜੀ ਰੋਟੀ ਖੋਹਣ ਵਾ਼ਲੀ ਹਥਿਆਰਬੰਦ ਸੈਨਾ ਹੈ, ਟਰੈਕਟਰ ਨੂੰ ਜੇ ਮਸ਼ੀਨਗੰਨ ਮੰਨ ਲਿਆ ਜਾਵੇ ਤਾਂ ਕੰਬਾਈਨ ਤੋਪ ਦੇ ਗੋ਼ਲੇ ਜਾਂ ਮਿਜ਼ਾਇਲ ਦੇ ਬਰਾਬਰ ਦਾ ਹਥਿਆਰ ਹੈ। ਹੁਣ ਇਹ ਪੁੱਠੇ ਅਰਥਾਂ ਵਾ਼ਲੀਆਂ ਗੱਲਾਂ ਸਿੱਧ ਪੱਧਰੇ ਦਿਮਾ਼ਗ ਵਾਲਿਆਂ ਦੇ ਸਮਝ ਨਹੀਂ ਪੈਣੀਆਂ । ਕਿਰਤ ਦੀ ਲੁੱਟ ਤੇ ਪੁਲਿਸ ਦੀ ਕੁੱਟ ਇਕ ਬਰਾਬਰ ਹੁੰਦੀ ਹੈ ਪਰ ਸਮਾਜ ਵਿੱਚ ਬਰਾਬਰੀ ਦਾ ਤਾਂ ਕਿੱਧਰੇ ਵੀ ਨਾਮੋ ਨਿਸ਼ਾਨ ਨਹੀਂ ਰਿਹਾ । ਪਹਿਲਾਂ ਜੱਟ ਤੇ ਸੀਰੀ ਦੋਵੇਂ ਕਿਰਤੀ ਸਨ ਪਰ ਹੁਣ ਜੱਟ ਜੱਟ ਹੈ ਤੇ ਸੀਰੀ ਤਾਂ ਖ਼ਤਮ ਹੀ ਹੈ । ਜੱਟ ਤੇ ਸੀਰੀ ਦੀ ਦਿਲੀ ਸਾਂਝ ਦੀ ਥਹੁ ਤਾਂ ਸੰਤ ਰਾਮ ਉਦਾਸੀ ਵਰਗਾ ਕੋਈ ਉਹ ਕਵੀ ਹੀ ਪਾ ਸਕਦਾ ਹੈ ਜਿਸਦੀਆਂ ਜੜ੍ਹਾਂ ਆਪਣੇ ਵਤਨ ਦੀ ਮਿੱਟੀ ਵਿੱਚ ਡੂੰਘੀਆਂ ਲੱਗੀਆਂ ਹੋਣ:

ਗ਼ਲ ਲੱਗ ਕੇ ਸੀਰੀ ਦੇ ਜੱਟ ਰੋਵੇ,
ਬੋਹ਼ਲਾਂ ਵਿਚੋਂ ਨੀਰ ਵਗਿਆ ।
ਲਿਆ ਤੰਗਲੀ ਨਸੀਬਾਂ ਨੂੰ ਫਰੋਲੀਏ,
ਤੂੜੀ ਵਿਚੋਂ ਪੁੱਤ 'ਜੱਗਿਆ' ।



ਹੁਣ ਤਾਂ ਸੀਰੀ ਦੀ ਥਾਂ ਮਸ਼ੀਨਰੀ ਆ ਗਈ ਹੈ । ਭਲਿਆਂ ਸਮਿਆਂ ਵਿਚ ਜੱਟ ਤੇ ਸੀਰੀ ਦੀ ਸਾਂਝ ਭਿਆ਼ਲੀ ਨੂੰ 'ਨਹੁੰ ਤੇ ਮਾਸ ਦਾ ਰਿਸ਼ਤਾ' ਕਹਿ ਕੇ ਵਡਿਆਇਆ ਜਾਂਦਾ ਸੀ । ਦੋਹਾਂ ਦੇ ਦੁੱਖ ਦਰਦ, ਹਾਸੇ ਮਜ਼ਾਕ, ਚੋਹਲ ਮੋਹਲ, ਨਾਜ਼ ਨਖਰੇ, ਸਭ ਸਾਂਝੇ ਸਨ । ਹੁਣ ਮਸ਼ੀਨਰੀ ਨਾ਼ਲ ਤਾਂ ਦੁੱਖ ਵੰਡਾਇਆ ਨਹੀਂ ਜਾ ਸਕਦਾ ਸਗੋਂ ਇਸਨੇ ਤਾਂ ਜ਼ਿਮੀਂਦਾਰ ਦੀਆਂ ਪਰੇਸ਼ਾਨੀਆਂ ਨੂੰ ਵਧਾਇਆ ਹੀ ਹੈ । ਖੇਤੀਬਾੜੀ ਦੇ ਮਸ਼ੀਨੀਕਰਨ ਤੋਂ ਪਹਿਲਾਂ ਕਿਸਾਨ ਕਿਸਾਨ ਤੇ ਸੀਰੀ ਸੀਰੀ ਸੀ ਪਰ ਜਦ ਖੇਤੀਬਾੜੀ ਦਾ ਮੁਕੰਮਲ ਮਸ਼ੀਨੀਕਰਨ ਹੋ ਗਿਆ ਤਾਂ ਹਰ ਕਿਸਾਨ ਜੱਟ ਹੋ ਗਿਆ । ਫਿਰ ਜੱਟ ਤੋਂ ਜਾਗੀਰਦਾਰ ਹੋ ਗਿਆ । ਜਾਗੀਰਦਾਰੀ ਤੇ ਸਰਮਾਏਦਾਰੀ ਦਾ ਆਪਸੀ ਰਿਸ਼ਤਾ ਵੀ ਨਹੁੰ ਮਾਸ ਵਾ਼ਲਾ ਹੀ ਹੈ । ਇਨ੍ਹਾਂ ਦੋਹਾਂ ਨੇ ਰ਼ਲ ਕੇ ਕਿਰਤੀ ਵਰਗ ਨੂੰ ਲੁੱਟਿਆ ਤੇ ਕੁੱਟਿਆ ਹੈ । ਗੀਤਾਂ ਤੇ ਫਿਲਮਾਂ ਰਾਹੀ ਚਾਰੇ ਪਾਸੇ ਜੱਟਵਾਦ ਦਾ ਬੋਲਬਾਲਾ ਏਨਾ ਵਧਿਆ ਕਿ ਪੰਜਾਬ ਦੀ ਧਰਤੀ ਤੇ ਰਚੇ ਜਾਂਦੇ ਸਾਹਿਤ ਵਿੱਚੋਂ ਬਾਕੀ ਬਰਾਦਰੀਆਂ ਦੀ ਫੱਟੀ ਪੋਚ ਦਿੱਤੀ ਗਈ। ਨਾ ਕੋਈ ਜੀਵ, ਨਾ ਜੰਤੂ ਤੇ ਨਾ ਕੋਈ ਚਿੜੀ ਜਨੌਰ, ਸਭ ਨਿਗੂਣੇ ਹੋ ਗਏ। ਹੁਣ ਤਾਂ ਚਾਰੇ ਪਾਸੇ ਮਸ਼ੀਨਰੀ ਦਾ ਬੋਲਬਾਲਾ ਹੈ । ਹੁਣ ਇਨ੍ਹਾਂ ੧੫-੨੦ ਕੁ ਸਾਲਾਂ ਦੀ ਉਮਰ ਹੰਢਾਉਣ ਵਾ਼ਲੀਆਂ ਮਸ਼ੀਨਾਂ ਨਾ਼ਲ ਰਿਸ਼ਤਿਆਂ ਦੀ ਪੱਕੀ ਪੀਡੀ ਸਾਂਝ ਭਲਾ ਕੌਣ ਪਾਉਣੀ ਚਾਹੇਗਾ ? ਹੁਣ ਧਰਤੀ ਤੇ ਕਿਰਤੀਆਂ ਦੇ ਦਰਦ ਕੌਣ ਸੁਣੇਗਾ ? ਕੌਣ ਸੱਥ ਵਿੱਚ ਬੈਠ ਕੇ ਵਾਰਿਸ ਸ਼ਾਹ ਦੀ ਹੀਰ ਸੁਣੇਗਾ ? ਬਾਬਾ ਨਾਨਕ ਜੀ ਦੀ ਬਾਣੀ ਸੁਣ ਕੌਣ ਸੁਣੇਗਾ ਤੇ ਉਸ ਤੇ ਅਮਲ ਕਰੇਗਾ:

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ ॥ ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥ ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ ॥੧॥ ਬਾਬਾ ਮਾਇਆ ਸਾਥਿ ਨ ਹੋਇ ॥ ਇਨਿ ਮਾਇਆ ਜਗੁ ਮੋਹਿਆ ਵਿਰਲਾ ਬੂਝੈ ਕੋਇ ॥ ਰਹਾਉ ॥ (ਅੰਗ ੫੯੫)

ਜਗਤ ਗੁਰ ਬਾਬੇ ਨੇ ਸਿੱਧਾਂ ਦੇ ਵ਼ਲ ਵਿੰਙ ਕੱਢਦਿਆਂ ਕਿਹਾ ਸੀ:

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਅੰਗ ੯੪੩)

ਪਰ ਨਾ ਹੁਣ ਕਿਸੇ ਨੂੰ ਸ਼ਬਦ ਗੁਰੂ ਦੇ ਸਿਧਾਂਤ ਤੇ ਨਾ ਧੁਨੀ ਦਾ ਗਿਆਨ ਹੈ । ਉਂਵ ਗੁਰੂ ਸਾਡਾ ਅੱਜ ਵੀ ਸ਼ਬਦ ਹੀ ਹੈ । ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ । ਸਾਡੇ ਕੋ਼ਲ ਸਿੱਖੀ ਵਾ਼ਲਾ ਬਾਣਾ ਤਾਂ ਹੈ, ਪਰ ਗੁਰਮਤਿ ਆਸ਼ੇ ਤੇ ਪੂਰੀ ਤਰ੍ਹਾਂ ਢੁੱਕਦੀ ਗੁਰਬਾਣੀ ਦੀ ਵਿਚਾਰ ਨਹੀਂ ਹੈ। ਭੇਖਧਾਰੀ ਤਾਂ ਬਥੇਰੇ ਹਨ ਪਰ ਗਿਆਨਵਾਨ ਕੋਈ ਵਿਰਲਾ ਟਾਵਾਂ ਵੀ ਨਹੀਂ ਲੱਭਦਾ । ਗਿਆਨ ਹਾਸਲ ਕਰਨ ਲਈ 'ਸ਼ਬਦ ਤੇ ਧੁਨਿ' ਸੰਗ ਜੁੜਨਾ ਪਵੇਗਾ ਪਰ ਇਹ ਤਰੱਦਦ ਕੌਣ ਕਰੇਗਾ ? ਕੌਣ ਇਹ ਹਾਅ ਦਾ ਨਾਹਰਾ ਮਾਰੇਗਾ:

ਏਤੀ ਮਾਰ ਪਈ ਕਰਲਾਣੇ ਤੈ ਕੀ ਦਰਦ ਨਾ ਆਇਆ ॥ ( ਅੰਗ ੩੬੦)

ਬਾਬਰ ਬਾਣੀ ਕੌਣ ਪੜ੍ਹੇਗਾ ਤੇ ਗੁਰਬਾਣੀ ਪੜ੍ਹ ਕੇ ਅਮਲ ਕੌਣ ਕਰੇਗਾ? ਅਮਲਾਂ ਬਾਝੋਂ ਰਵਾਇਤੀ ਬਾਣਾ ਤੇ ਗਿਆਨ ਦੀ ਬੱਧੀ ਪੰਡ, ਦੋਵੇਂ ਬੇਕਾਰ ਹਨ । ਇਹ ਕੇਹੀ ਰੁੱਤ ਆ ਗਈ ਹੈ? ਅੰਦਰ ਤੇ ਬਾਹਰ ਦੋਵੇਂ ਪਾਸੇ ਸਾੜਾ ਹੈ । ਬਸ ਮੈਂ ਇੱਕਲਾ ਹੀ ਚੰਗਾ ਤੇ ਬਾਕੀ ਸਭ ਜਗ ਮੰਦਾ। ਜਦ ਕਿ ਮਾੜਾ ਬੰਦਾ ਨਹੀਂ, ਉਸਦੇ ਕੰਮ ਮਾੜੇ ਹੁੰਦੇ ਹਨ ਪਰ ਚੰਗੇ ਕੰਮ ਕੌਣ ਕਰੇਗਾ ? ਮਨੁੱਖ ਨੂੰ ਮਨੁੱਖ ਕੌਣ ਸਮਝੇਗਾ ? ਕੌਣ ਬਰਾਬਰੀ ਦੀ ਬਾਤ ਪਾਵੇਗਾ ? ਕੌਣ ਕਿਰਤੀਆਂ ਦੇ ਦਰਦ ਸੁਣੇਗਾ? ਡਰ ਦਾ ਮਾਹੌਲ ਬਣਿਆ ਹੋਇਆ ਹੈ, ਜੰਗ ਦੇ ਬੱਦਲ ਮੰਡਰਾ ਰਹੇ ਹਨ। ਲੋਕਾਂ ਜੀ ਜਾਨ ਮੁੱਠੀ ਵਿੱਚ ਆਈ ਹੋਈ ਹੈ।



ਬੁੱਧ ਸਿੰਘ ਨੀਲੋਂ
94643 70823

# ਮੇਰਾ ਬਚਪਨ

ਪੋਹਲੀ, ਭੱਖੜਾ,ਲੇਹ ਦੇ ਕੰਡੇ, ਥੋਹਰ, ਅੱਕ, ਕੰਡ, ਸਰਕੜਾ....ਆਦਿ ਆਦਿ

ਸਾਡਾ ਵੱਗ ਆਪ ਮੁਹਾਰੇ ਚਰਦਾ ਹੌਲੀ ਹੌਲੀ ਮਾਰੂ ਖੇਤਾਂ ਵਿੱਚ ਖਿੱਲਰ ਜਾਂਦਾ ਗੰਦੇ ਛੱਪੜ ਤੋਂ ਬਾਦ ਉਦੋਂ ਕੋਠਿਆਂ ਵਾਲੀ ਇਸ ਕੱਸੀ ਜਿੱਥੇ ਹੁਣ ਮੈਂ ਮੰਗਤੇ ਨਾਲ ਖੜਾ ਸਾਂ ਤੱਕ ਸਾਰੇ ਖੇਤ ਮਾਰੂ ਸਨ। ਸਰੀਰ ਨੂੰ ਚੀਰ ਪੱਛ ਦੇਣ ਵਾਲੇ ਕਾਨਿਆਂ ਸਰਾਂ,ਅੱਕਾਂ, ਭੱਖੜੇ, ਲੇਹ, ਕਿੱਕਰਾ, ਬੇਰੀਆਂ,ਪਹਾੜੀ ਕਿੱਕਰਾਂ ਦੀਆਂ ਮੇਖਾਂ ਵਰਗੇ ਕੰਡਿਆਂ ਨਾਲ ਭਰੇ ਰਾਹ, ਹਾੜੀ ਵੇਲੇ ਪੀਲੇ ਫੁੱਲਾਂ ਵਾਲੀ ਕਦੀ ਨਾ ਖਤਮ ਹੋਣ ਵਾਲੀ ਸੁਨਿਹਰੀ ਪੋਹਲੀ ਨਾਲ ਇਹ ਖੇਤ ਅਟ ਜਾਂਦੇ। ਲੱਕ ਲੱਕ ਜਿੱਡੇ ਬੂਟੇ ਹੁੰਦੇ ਕੰਡਿਆਲੀ ਪੋਹਲੀ ਦੇ। ਇਹ ਜਾਲਮ ਬੂਟੀ ਐਨੀ ਤੱਕੜੀ ਸੀ ਕਿਸੇ ਵੀ ਮਾਰੂ ਫ਼ਸਲ ਤੋ ਉੱਪਰ ਦੀ ਹੋ ਜਾਂਦੀ। ਸਾਰਾ ਸਿਆਲ ਜੱਟ ਗੋਡੀ ਕਰਦੇ ਇਸ ਚੰਦਰੀ ਪੋਹਲੀ ਦਾ ਬੀ ਨਾਸ ਕਰਨ ਲਈ ਪਰ ਇਸ ਨੂੰ ਨਾ ਮਾਰ ਸਕਦੇ ਤੇ ਜਦੋਂ ਮਾਰੂ ਫ਼ਸਲ ਪੱਕਣੀ ਤਾਂ ਇਉਂ ਲੱਗਦਾ ਸੀ ਜੱਟਾਂ ਨੇ ਕਣਕ, ਜੌਅ,ਛੋਲੇ,ਸਰੌਂ ਨਹੀ ਬੀਜੇ ਸਨ... ਪੋਹਲੀ ਹੀ ਬੀਜੀ ਸੀ,ਪੋਹਲੀ ਵਿੱਚੋ ਹੀ ਛੋਲਿਆਂ,ਸਰੌਂ ,ਦੇਸੀ ਕਣਕ ਦੇ ਸਿੱਟੇ ਦਾਤੀ ਨਾਲ ਫੜਨੇ। ਇਹ ਤਾਂ ਧਰਤੀ ਦੇ ਕੰਡੇ ਸਨ ਬਾਕੀ,ਮਲੇ, ਝਾੜੀਆਂ, ਬੇਰੀਆਂ,ਕਿੱਕਰਾਂ,ਪਹਾੜੀ ਕਿੱਕਰਾਂ ਦੇ ਕੰਡੇ ਚਾਰ ਚੁਫੇਰੇ ਸਨ। ਮੋਗਾ ਉਦੋਂ ਰੁੱਖੀ ਮਾਰੂ ਧਰਤੀ ਤੇ ਕੰਡਿਆਂ ਦਾ ਜੰਗਲ ਸੀ। ਗਵਾਰਾ,ਬਾਜਰਾ,ਚਰੀ,ਤੇ ਹੋਰ ਫ਼ਸਲਾਂ ਵੀ ਕੰਡ ਵਾਲੀਆਂ ਹੁੰਦੀਆਂ ਸਨ। ਜੇਠ ਹਾੜ ਵਿੱਚ ਇਹ ਜਾਲਮ ਪੋਹਲੀ ਸੁੱਕ ਜਾਂਦੀ ਹਨੇਰੀਆਂ ਤੇ ਵਾਅ ਵਰੋਲੇ ਇਸ ਪੋਹਲੀ ਨੂੰ ਗੋਲਾਈ ਵਿੱਚ ਅੰਬ੍ਰਾਂ ਵਿੱਚ ਉੱਡਾਈ ਫਿਰਦੇ। ਤੇਜ਼ ਹਵਾ ਨਾਲ ਉੱਡਦੀ ਪੋਹਲੀ ਜਦੋਂ ਵਾਗੀਆਂ ਦੀਆਂ ਨੰਗੀਆਂ ਲੱਤਾਂ ਨਾਲ ਵੱਜਦੀ ਦਰਜ਼ਨਾਂ ਬਰੀਕ ਕੰਡੇ ਬੰਦੇ ਦੇ ਸਰੀਰ ਵਿੱਚ ਬੀਜ ਜਾਂਦੀ। ਸਰਦੇ ਘਰਾਂ ਦੇ ਵਾਗੀਆਂ ਨੂੰ ਤਾ ਦੇਸੀ ਖੱਦਰ ਦਾ ਝੱਗਾਂ,ਝੋਲੀ ਵਾਲਾ ਸੂਥੂ ਤੇ ਧੌੜੀ ਦੀ ਜੁੱਤੀ ਹਾੜੀ ਸੌਣੀ ਜੁੜ ਜਾਂਦੀ ਸੀ ਪਰੰਤੂ ਗਰੀਬ ਜੱਟਾਂ ਦੇ ਮੂੰਡਿਆ ਤੇ ਸਾਂਝੀਆਂ, ਸੀਰੀਆਂ ਕੋਲ ਟੁੱਟੇ ਅੱਡੋ ਅੱਡ ਦੇ ਛਿੱਤਰੇ ਹੁੰਦੇ, ਜਿੰਨਾ ਦੇ ਤੱਲਿਆ ਵਿੱਚ ਵੀ ਘਾਸਿਆਂ ਨਾਲ ਗੋਲ ਮੋਰੀਆਂ ਹੋ ਜਾਂਦੀਆਂ। ਕਈ ਤਾਂ ਵਿਚਾਰੇ ਬੋਰੀ ਦੇ ਟੋਟੇ ਤੇ ਲੀਰਾਂ ਹੀ ਕੰਡਿਆ,ਰੋੜਾ,ਤੇ ਸੱੜਦੀ ਭੁੱਬਲ ਤੋਂ ਬਚਣ ਲਈ ਪੈਰਾਂ ਤੇ ਬੰਨੀ ਫਿਰਦੇ। ਗਰਮ ਰੇਤਾ ਨਾਲ ਪੈਰਾਂ ਦੀਆਂ ਤੱਲੀਆਂ ਵਿੱਚ ਜਾਂਮਣੀ ਰੰਗੇ ਛਾਲੇ ਪੈ ਜਾਂਦੇ। ਗਰਮੀਂ ਨਾਲ ਅੱਖਾਂ ਦੂੱਖਣੀਆਂ ਆ ਜਾਂਦੀਆਂ,ਸ੍ਰੇਖਾਂ ਵਾਲੇ ਚੌਕ ਚੋਂ ਅੱਖਾਂ ਵਿੱਚ ਪੀਲੀ ਦਵਾਈ ਪਵਾ ਕੇ ਲਿਆਉਂਦੇ। ਨੱਕ ਦੇ ਦੋਨੀ ਪਾਸੀਂ ਅੱਖਾਂ ਵਿੱਚੋਂ ਨਿੱਕਲੇ ਪੀਲੇ ਪਾਣੀ ਦੀਆਂ ਘਰਾਲਾਂ ਦੇ ਨਿਸ਼ਾਨ ਗੱਲਾਂ ਤੇ ਪੈ ਜਾਂਦੇ। ਸਵੇਰੇ ਉੱਠਦਿਆਂ ਗਿੱਡ ਨਾਲ ਅੱਖਾਂ ਜੁੜ ਜਾਂਦੀਆਂ ਜਿਵੇਂ ਕਿਸੇ ਨੇ ਫੈਵੀਕੋਲ ਨਾਲ ਅੱਖਾਂ ਦੀਆਂ ਦੋਹਵੇਂ ਪਲਕਾਂ ਜੋੜ ਦਿੱਤੀਆਂ ਹੋਣ। ਵੱਡੀ ਜੱਦੋ ਜਹਿਦ ਬਾਦ ਤੱਤੇ ਪਾਣੀ ਨਾਲ ਅੱਖਾਂ ਦੀਆਂ ਪਲਕਾਂ ਖੁੱਲਦੀਆਂ ਤੇ ਫਿਰ ਗੁੜ ਦੀ ਚਾਹ ਨਸੀਬ ਹੁੰਦੀ।

ਮੋਗਿਉ ਚੱਲ ਇਸ ਕੱਸੀ ਤੱਕ ਪੱਸ਼ੂਆਂ ਵਾਗੀਆਂ ਨੂੰ ਪਾਣੀ ਨਸੀਬ ਨਾ ਹੁੰਦਾ, ਠੰਡਾ ਪਾਣੀ ਤਾਂ ਬਹੁਤ ਹੀ ਦੂਰ ਦੀ ਕੌਡੀ ਸੀ,ਜੇ ਕਿਤੇ ਖੂਹ ਵੀ ਸਨ ਤਾ ਮਸਾਂ ਦੋ ਚਾਰ ਕਿੱਲੇ ਹੀ ਸਿੰਜਦੇ ਸਨ। ਸਾਡਾ ਵਾਗੀਆਂ ਦਾ ਕੱਠ ਪੱਸ਼ੂ ਭੁੱਲ ਕੇ ਖੇਡਾਂ ਵਿੱਚ ਰੁੱਝ ਜਾਂਦਾ. ਸ਼ੱਕਰ ਭਿੱਜੀ,ਬਾਦਰ ਕਿੱਲਾ,ਗੜਕਾਨਾ ਲੱਕੜੀ, ਲੰਮੀਆਂ ਛਾਵਾਂ,ਘੋਲ,ਕਬੱਡੀ ਸਾਡੀਆਂ ਖੇਡਾਂ ਹੁੰਦੀਆਂ।ਮੈਲੇ ਪੋਣਿਆਂ ਵਿੱਚ ਦੁਪਿਹਰ ਲਈ ਖਾਣ ਵਾਸਤੇ ਰੱਗੜੀਆਂ ਲਾਲ ਮਿਰਚਾਂ ਤੇ ਅੰਬ ਦੇ ਅਚਾਰ ਨਾਲ ਸੀਜ਼ਨੀ ਅਨਾਜ਼ ਦੀਆਂ ਰੋਟੀਆਂ ਬੱਧੀਆਂ ਹੁੰਦੀਆਂ। ਗੁੜ ਚਾਹ ਲਈ ਵੱਖਰੀ ਟਾਕੀ ਹੁੰਦੀ ਜੋ ਘਰ ਸਹਿੰਦੇ ਸਨ ਉਹਨਾਂ ਦੇ ਵਾਗੀਆ ਦੇ ਤਾਂ ਕਣਕ ਦੇ ਦੇਸੀ ਘਿਉ ਦੇ ਚੋਘਿਆਂ ਨਾਲ ਘੜੱਚੇ ਤਿੰਨ ਨੁੱਕਰੇ ਦੋੜਾਂ,ਪ੍ਰੌਠੇ ਹੁੰਦੇ ਜੋ ਦੁਪਿਹਰ ਤੱਕ ਨਰਮ ਰਹਿੰਦੇ ਪਰੰਤੂ ਮਾੜੇ ਘਰਾਂ ਦੇ ਛੇੜੂਆਂ ਤੇ ਸਾਂਝੀ ਸੀਰੀਆਂ ਲਈ ਸੁੱਕਾ ਅੰਨ ਹੀ ਹੁੰਦਾ ਜੋ ਉਹ ਕੱਸੀ ਦੇ ਪਾਣੀ ਨਾਲ ਧੱਕ ਕੇ ਅੰਦਰ ਲੰਘਾਉਂਦੇ । ਸਾਰਾ ਦਿਨ ਢਿੱਡ ਵੰਡ ਆਲੇ ਘੜੇ ਵਾਂਗ ਸੁੱਕੇ ਅੰਨ ਨਾਲ ਬਣਦੇ ਤੇਜਾਬ ਨਾਲ ਉਬੱਲਦਾ ਰਹਿੰਦਾ। ਕਿਸੇ ਸਵਾਦੀ ਤੇ ਠੰਡੀ ਚੀਜ਼ ਲਈ ਇਹ ਲੋਕ ਸੁਫਨੇ ਲੈਂਦੈ ਮਹੀਨਿਆ ਤੱਕ ਤਰਸਦੇ ਰਹਿੰਦੇ। ਸਿਆਲਾਂ ਵਿੱਚ ਬਾਜਰੇ ਮੱਕੀ ਦੀ ਰੋਟੀਆਂ ਹੁੰਦੀਆਂ ਜੋ ਦੁਪਿਹਰ ਤੱਕ ਸੁੱਕ ਆਕੜ ਕੇ ਟੁੱਟੇ ਘੜੇ ਦੀਆਂ ਠੀਕਰੀਆਂ ਵਰਗੀਆਂ ਬਣ ਜਾਂਦੀਆਂ। ਦਾਲ ਸਬਜੀ ਉਹਨਾਂ ਦਿਨਾਂ ਵਿੱਚ ਘੱਟ ਹੀ ਘਰਾਂ ਵਿੱਚ ਬਣਦੀ ਸੀ ਜੇ ਛੋਲੀਆਂ ਚੱਲ ਪਿਆ ਤਾਂ ਸੱਤੇ ਦਿਨ ਛੋਲੀਆਂ ਹੀ ਚੱਲਣਾ ਜੇ ਸਾਗ ਹੈ ਤਾਂ ਮਹੀਨਾ ਮਹੀਨਾ ਸਾਗ ਹੀ ਰਿੱਝੀ ਜਾਣਾ। ਅਰ ਹਰ ਦੀ ਦਾਲ ਨੇ ਤਾਂ ਹਰੇਕ ਹੀ ਛੱਕੀ ਕੀਤਾਂ ਪਿਆ ਸੀ। ਜੇ ਕਿਤੇ ਉਹਨਾਂ ਦਿਨਾਂ ਵਿੱਚ ਆਲੂਆਂ ਦੀ ਦਾਲ ਬਣ ਜਾਂਦੀ ਤਾਂ ਬੰਦੇ ਰੋਟੀਆਂ ਖਾਣੋ ਨਾ ਹੱਟਦੇ ਆਲੂਆਂ ਦੀ ਸ਼ਬਜੀ ਵਿੱਚ ਦੇਸੀ ਮੱਖਣੀ ਪਿੰਘਲਣ ਦੇ ਗਰੀਬ ਲੋਕ ਸੁਫਨੇ ਲੈਂਦੈ। ਸਾਰਾ ਸਾਲ ਕਿਸੇ ਵਿਆਹ ਮਰਨੇ ਨੂੰ ਉੱਡੀਕਦੇ ਰਹਿੰਦੇ ਜਿੱਥੇ ਮਿੱਠਾ ਥੰਦਾ ਰੱਜ ਕੇ ਖਾਣ ਨੂੰ ਮਿਲਦਾ ਤੇ ਉਹ ਢਿੱਡ ਪਾਟਣ ਆਉਣ ਤੱਕ ਲਿਹੜਦੇ।

ਥੋਡਾ ਪਿੱਛਲੀ ਸਦੀ ਦਾ ਪੁਰਾਣਾ ।



ਆਪਦਿ ਪੰਜਾਬੀ ਮਾਨਵ।
ਜੋਗਿੰਦਰ ਬਾਠ ਹੌਲੈਂਡ

# ਸਿਆਸੀ ਹਿੱਤ ਲਈ ਸਕੂਲ ਮੁਖੀ ਨੂੰ ਮੁਅੱਤਲ ਕਰਨ ਦੀ ਸਾਂਝੇ ਅਧਿਆਪਕ ਮੋਰਚੇ ਵੱਲੋਂ ਨਿਖੇਧੀ

**●ਸਿੱਖਿਆ ਕ੍ਰਾਂਤੀ ਦੀ ਝੂਠੀ ਡਰਾਮੇਬਾਜ਼ੀ ਛੱਡ ਕੇ ਸਾਰੇ ਸਕੂਲਾਂ ਵਿੱਚ ਅਧਿਆਪਕ ਪੂਰੇ ਕਰਨ ਦੀ ਕੀਤੀ ਮੰਗ●10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਕੀਤਾ ਜਾਵੇਗਾ**



**ਫਿਲੌਰ ਅੱਪਰਾ (ਦੀਪਾ)**–ਸਾਂਝਾ ਅਧਿਆਪਕ ਮੋਰਚਾ ਪੰਜਾਬ ਦੇ ਕਨਵੀਨਰ ਸੁਰਿੰਦਰ ਕੁਮਾਰ ਪੁਆਰੀ ,ਸੂਬਾ ਕਮੇਟੀ ਮੈਂਬਰ ਨਵਪ੍ਰੀਤ ਬੱਲੀ ,ਕਰਨੈਲ ਫਿਲੌਰ ,ਸੁਖਚਰਨ ਕੁਮਾਰ ਤੇ ਜਗਵਿੰਦਰ ਸਿੰਘ,ਦੀ ਅਗਵਾਈ ਹੇਠ ਸਿੱਖਿਆਂ ਮੰਤਰੀ ਪੰਜਾਬ ਦਾ ਪੁਤਲਾ ਫੂਕਿਆ ਗਿਆ ਅਤੇ ਸਾਂਝੇ ਬਿਆਨ ਰਾਹੀਂ ਪੰਜਾਬ ਸਰਕਾਰ ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਗੋਇੰਦਵਾਲ ਜਿਲ੍ਹਾ ਤਰਨਤਾਰਨ ਦੇ ਸਕੂਲ ਵਿੱਚ ਸਿੱਖਿਆ ਕ੍ਰਾਂਤੀ ਸਮਾਗਮ ਤਹਿਤ ਸਕੂਲ ਵਿੱਚ ਮਾੜਾ ਮੋਟਾ ਕੰਮ ਕਰ ਰਹੇ ਬੱਚਿਆਂ ਦੀ ਆੜ ਹੇਠ ਸਕੂਲ ਮੁਖੀ ਨੂੰ ਮੁਅੱਤਲ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਹੈ । ਆਗੂਆਂ ਨੇ ਕਿਹਾ ਕਿ ਸਕੂਲ ਵਿੱਚ ਸਮਾਗਮ ਦੌਰਾਨ ਕਈ ਵਾਰ ਬੱਚਿਆਂ ਤੋਂ ਆਓ ਭਗਤ ਕਰਾਈ ਜਾਂਦੀ ਹੈ। ਇਸ ਦਾ ਮਤਲਬ ਇਹ ਨਹੀਂ ਕਿ ਬੱਚੇ ਵੇਟਰ ਬਣ ਜਾਂਦੇ ਹਨ ਇਸ ਤੋਂ ਇਲਾਵਾ ਵਿਭਾਗ ਵੱਲੋਂ ਬਿਜਨਸ ਬਲਾਸਟਰ ਸਕੀਮ ਸ਼ੁਰੂ ਕੀਤੀ ਗਈ ਹੈ, ਜਿਸ ਤਹਿਤ ਵਿਦਿਆਰਥੀਆਂ ਵੱਲੋਂ ਵੱਖ-ਵੱਖ ਤਰ੍ਹਾਂ ਦਾ ਸਮਾਨ ਤਿਆਰ ਕਰਕੇ ਵੇਚਿਆ ਜਾਂਦਾ ਹੈ। ਇਸ ਦਾ ਮਤਲਬ ਇਹ ਨਹੀਂ ਕਿ ਵਿਦਿਆਰਥੀ ਮਜ਼ਦੂਰ ਬਣ ਜਾਂਦੇ ਹਨ। ਇਹ ਸਿਰਫ ਸਿੱਖਿਆ ਕ੍ਰਾਂਤੀ ਦੇ ਸਮਾਗਮਾਂ ਦੀ ਹੋ ਰਹੀ ਬਦਨਾਮੀ ਤੋ ਬਚਣ, ਆਮ ਆਦਮੀ ਪਾਰਟੀ ਦੇ ਸੌੜੇ ਸਿਆਸੀ ਹਿੱਤਾਂ ਅਤੇ ਆਪਣੀ ਵਾਹ ਵਾਹ ਖੱਟਣ ਲਈ ਅਧਿਆਪਕਾਂ ਦੀ ਬਲੀ ਦਿੱਤੀ ਜਾ ਰਹੀ ਹੈ। ਸਾਂਝੇ ਅਧਿਆਪਕ ਮੋਰਚੇ ਵੱਲੋਂ ਸਰਕਾਰੀ ਸੀਨੀਅਰ ਸੈਕੈਂਡਰੀ ਸਕੂਲ ਗੋਇੰਦਵਾਲ ਦੇ ਪ੍ਰਿੰਸੀਪਲ ਗੁਰਪ੍ਰਤਾਪ ਸਿੰਘ ਨੂੰ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਆਗੂਆਂ ਨੇ ਦੱਸਿਆ ਕਿ ਸਿੱਖਿਆ ਕ੍ਰਾਂਤੀ ਸਮਾਗਮਾਂ ਲਈ ਵਿਭਾਗ ਵੱਲੋਂ ਹਾਲੇ ਤੱਕ ਕੋਈ ਗਰਾਂਟ ਜਾਰੀ ਨਹੀਂ ਕੀਤੀ ਗਈ। ਸਰਕਾਰ ਵੱਲੋਂ ਅਧਿਆਪਕਾਂ ਨੂੰ ਝੂਠੀ ਸਿੱਖਿਆ ਕ੍ਰਾਂਤੀ ਦੇ ਸਮਾਗਮ ਕਰਵਾਉਣ ਲਈ ਮਜਬੂਰ ਕੀਤਾ ਜਾ ਰਿਹਾ ਹੈ। ਅਧਿਆਪਕ ਮਜਬੂਰੀ ਵੱਸ ਇਹਨਾਂ ਸਮਾਗਮਾਂ ਦਾ ਸਾਰਾ ਖਰਚਾ ਆਪਣੇ ਪੱਲਿਓਂ ਹੀ ਕਰ ਰਹੇ ਹਨ। ਸਾਂਝੇ ਅਧਿਆਪਕ ਮੋਰਚੇ ਦੇ ਆਗੂਆਂ ਨੇ ਪੰਜਾਬ ਸਰਕਾਰ ਨੂੰ ਸਿੱਖਿਆ ਕ੍ਰਾਂਤੀ ਦੀ ਝੂਠੀ ਡਰਾਮੇਬਾਜੀ ਛੱਡ ਕੇ ਪ੍ਰਾਇਮਰੀ ਸਕੂਲਾਂ ਵਿੱਚ ਜਮਾਤਵਾਰ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਸ਼ਾਵਾਰ ਅਧਿਆਪਕ ਪੂਰੇ ਕਰਨ ਲਈ ਅਧਿਆਪਕਾਂ ਦੀ ਭਰਤੀ ਕਰਨ ਅਤੇ ਅਧਿਆਪਕਾਂ ਦੇ ਸਾਲਾਂ ਤੋਂ ਲਟਕ ਰਹੇ ਮਸਲੇ ਹੱਲ ਕਰਨ ਦੀ ਜੋਰਦਾਰ ਮੰਗ ਕੀਤੀ। ਇਸ ਮੌਕੇ ਕੰਵਲਜੀਤ ਸਿੰਘ ਸੰਗੋਵਾਲ, ਸੁਖਵਿੰਦਰ ਸਿੰਘ ਮੱਕੜ ਤੀਰਥ ਸਿੰਘ ਬਾਸੀ , ਮੰਗਤ ਸਿੰਘ, ਸੁਵਿੰਦਰ ਗਿੱਲ, ਮੀਨਾਕਸ਼ੀ, ਬਲਜੀਤ ਸਿੰਘ ਕੁਲਾਰ, ਵੇਦ ਰਾਜ, ਗੁਰਮੇਲ ਸਿੰਘ ਕੁਲਰੀਆਂ, ਨਿਰਮੋਲਕ ਸਿੰਘ ਹੀਰਾ, ਗੁਰਿੰਦਰ ਸਿੰਘ, ਕਮਲਦੇਵ, ਬਖਸ਼ੀ ਰਾਮ, ਲੇਖ ਰਾਜ ਪੰਜਾਬੀ, ਰਾਕੇਸ਼ ਕੁਮਾਰ, ਪਰਮਜੀਤ ਫਿਲੌਰ, ਮਨਿੰਦਰ ਸਿੰਘ, ਲਖਵੀਰ ਪਾਸਲਾ ਰਾਜਵਿੰਦਰ ਕੌਰ,ਸੋਨੀਆ, ਮੋਨਿਕਾ ਸ਼ਰਮਾ, ਅਨੀਤਾ ਰਾਣੀ ਜਮਸ਼ੇਰ, ਪੰਕਜ ਕੁਮਾਰ, ਰਸ਼ਮਿੰਦਰ ਸੋਨੂ ਸਵਰਾਜਬੀਰ ਕੌਰ, ਕੁਲਵੰਤ ਕੌਰ ਲਾਂਬੜੀ ਪੂਨਮ ਰਾਣੀ ਰਮਨ ਗੁਪਤਾ, ਅਸ਼ੋਕ ਕੁਮਾਰ ਮਹਿਮੀ, ਭੁਵਨੇਸ਼ ਬਾਲੀ, ਬਲਵੀਰ ਕੁਮਾਰ, ਵਿਜੈ ਕੁਮਾਰ, ਅਸ਼ਵਨੀ ਕੁਮਾਰ ਤੇਜਿੰਦਰ ਕੁਮਾਰ ਆਦਿ ਆਗੂ ਹਾਜ਼ਰ ਸਨ

ਉਹਨਾਂ ਪੰਜਾਬ ਸਰਕਾਰ ਅਤੇ ਸਿੱਖਿਆ ਮੰਤਰੀ ਦੇ ਅਧਿਆਪਕ ਮਸਲਿਆਂ ਪ੍ਰਤੀ ਅੜੀਅਲ ਵਤੀਰਾ ਅਪਣਾਉਣ ਵਿਰੁੱਧ 10 ਮਈ ਨੂੰ ਸਿੱਖਿਆ ਮੰਤਰੀ ਦੇ ਹਲਕੇ ਵਿੱਚ ਝੰਡਾ ਮਾਰਚ ਵਿੱਚ ਅਧਿਆਪਕ ਅਤੇ ਅਧਿਆਪਕ ਜਥੇਬੰਦੀਆਂ ਨੂੰ ਸ਼ਾਮਿਲ ਹੋਣ ਦੀ ਅਪੀਲ ਕੀਤੀ।




**ਆਸਟ੍ਰੇਲੀਆ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ) ਪੱਤਰਕਾਰ**

ਆਸਟ੍ਰੇਲੀਆ ਦੇ ਕਬੱਡੀ ਕੱਪ ਤੇ ਆਪਣੇ ਅਮਰੀਕ ਖੋਸੇ ਨੇ ਮਾਇਕ ਤੋਂ ਬੋਲਿਆ ਵੀ ਇੱਕ ਕਬੱਡੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਆਹ ਐਲਾਨ ਹੋਣ ਲੱਗਾ ਕੇ ਕਬੱਡੀ ਵਿੱਚ ਪਹਿਲੀ ਵਾਰ ਕਿਸੇ ਵੀਰ ਨੂੰ ਮੋਹਨਵੀਰ ਬੱਲ ਵੱਲੋਂ ਆਉਂਣ ਵਾਲੇ ਭੁੱਲਥ ਕਬੱਡੀ ਕੱਪ ਤੇ ਗੱਗੀ ਤਖਤੂਪੁਰੇ ਦਾ ਸੋਨੇ ਦੇ ਮਾਇਕ ਨਾਲ ਸਨਮਾਨ ਕੀਤਾ ਜਾਂਣਾ ਮੁਬਾਰਕਾਂ ਮਿੱਤਰਾ, ਹਰਜਿੰਦਰ ਪਾਲ ਛਾਬੜਾ ਪੱਤਰਕਾਰ ਨਕੋਦਰ ਮਹਿਤਪੁਰ ਵੱਲੋਂ ਲੱਖ ਲੱਖ ਮੁਬਾਰਕਬਾਦ ।

**ਆਸਟ੍ਰੇਲੀਆ ਨਕੋਦਰ ਮਹਿਤਪੁਰ (ਹਰਜਿੰਦਰ ਪਾਲ ਛਾਬੜਾ)**

**ਆਸਟ੍ਰੇਲੀਆ ਦੀ ਕਬੱਡੀ ਵਿੱਚ ਵੱਡਾ ਨਾਮ ਗੋਪੀ ਸ਼ੋਕਰ ਕਬੱਡੀ ਪ੍ਰਮੋਟਰ ਦਾ ਹੈ ।ਜਦੋਂ ਵੀ ਆਸਟ੍ਰੇਲੀਆ ਦਾ ਸੀਜ਼ਨ ਸ਼ੁਰੂ ਹੁੰਦਾ ਤਾਂ "ਮੀਰੀ ਪੀਰੀ ਕਬੱਡੀ ਕਲੱਬ ਮੈਲਬੌਰਨ" ਦੀ ਟੀਮ ਇਕੱਲਾ ਆਪਣੇ ਦਮ ਤੇ ਬਣਾਉਂਦਾ ਜਿਸ ਵਿੱਚ ਹਰ ਵਾਰ ਕਬੱਡੀ ਦੇ ਚੋਟੀ ਦੇ ਮੱਲ ਖੇਡ ਦੇ ਨੇ।**





# ਪ੍ਰੋਫੈਸਰ ਭੋਲਾ ਯਮਲਾ ਦੇ ਗੀਤ "ਹਿੰਦ ਵਰਸਿਸ ਪਾਕਿ" ਦਾ ਪੋਸਟਰ ਜਾਰੀ

## ਭੋਲਾ ਯਮਲਾ ਵੱਲੋਂ ਆਪਣੀ ਕਲਾ ਰਾਹੀਂ ਸ਼ਾਂਤੀ ਦਾ ਵੱਡਾ ਸੁਨੇਹਾ – ਗਿੱਲ

**ਚੰਡੀਗੜ੍ਹ (ਰਮੇਸ਼ਵਰ ਸਿੰਘ )** ਭਾਰਤ ਅਤੇ ਪਾਕਿਸਤਾਨ ਵਿੱਚ ਜਿੱਥੇ ਰੋਜ਼ ਨਵੇਂ ਤਣਾਅ ਅਤੇ ਤਕਰਾਰਾਂ ਦੀਆਂ ਖਬਰਾਂ ਆਉਂਦੀਆਂ ਹਨ, ਉਥੇ ਪ੍ਰੋਫੈਸਰ ਭੋਲਾ ਯਮਲਾ ਇੱਕ ਅਜਿਹੇ ਮਹਾਨ ਕਲਾਕਾਰ ਹਨ ਜੋ ਹਮੇਸ਼ਾ ਆਪਣੇ ਗੀਤਾਂ ਰਾਹੀਂ ਸਮਾਜਿਕ ਮੁੱਦਿਆਂ ਦੀ ਗੱਲ ਕਰਦੇ ਹਨ ਜਿਨਾਂ ਦੀ ਗਾਇਕੀ ਦਿਲਾਂ ਨੂੰ ਜੋੜਣ ਦੀ ਤਾਕਤ ਰੱਖਦੀ ਹੈ। ਇਸੇ ਸੰਦੇਸ਼ ਨੂੰ ਲੈ ਕੇ ਗਿੱਲ ਮਾਨ ਪ੍ਰੋਡਕਸ਼ਨ ਵੱਲੋਂ 'ਇੰਡਿਕ ਆਰਟਸ ਵੈਲਫੇਅਰ ਕੌਂਸਲ' ਦੇ ਵਿਸ਼ੇਸ਼ ਸਹਿਯੋਗ ਨਾਲ ਪ੍ਰਸਿੱਧ ਕਵੀ ਬਾਬਾ ਨਜ਼ਮੀ ਦੀ ਰਚਨਾ " ਹਿੰਦ ਵਰਸਿਸ ਪਾਕਿ" ਪੇਸ਼ ਕੀਤੀ ਜਾ ਰਹੀ ਹੈ, ਜੋ ਭਾਰਤ ਅਤੇ ਪਾਕਿਸਤਾਨ ਵਿਚਕਾਰ ਅਮਨ, ਸਾਂਝ ਤੇ ਇਨਸਾਨੀਅਤ ਦਾ ਸੁਨੇਹਾ ਦਿੰਦੀ ਹੈ। ਇਹ ਗੀਤ ਪੰਜਾਬ ਦੇ ਮਸ਼ਹੂਰ ਲੋਕ ਗਾਇਕ, ਸਟੇਟ ਅਵਾਰਡੀ, ਰਾਜ ਦਰਬਾਰੀ ਗਾਇਕ ਅਤੇ ਵਰਲਡ ਰਿਕਾਰਡ ਹੋਲਡਰ ਪ੍ਰੋਫੈਸਰ ਬਾਈ ਭੋਲਾ ਯਮਲਾ ਦੀ ਸੁਰੀਲੀ ਆਵਾਜ਼ 'ਚ ਰਿਕਾਰਡ ਕੀਤਾ ਗਿਆ ਹੈ। ਇਸਦੇ ਬੋਲ ਲਿਖੇ ਹਨ ਪਾਕਿਸਤਾਨ ਦੇ ਮਸ਼ਹੂਰ ਸ਼ਾਇਰ ਬਾਬਾ ਨਜਮੀ ਵੱਲੋਂ, ਜਿਨ੍ਹਾਂ ਦੀ ਕਲਮ ਹਮੇਸ਼ਾ ਦੋਸਤੀ, ਇਨਸਾਨੀਅਤ ਅਤੇ ਅਮਨ ਦੀ ਪੱਖਦਾਰ ਰਹੀ ਹੈ। ਸੰਗੀਤ ਦੀ ਰਚਨਾ ਕੀਤੀ ਹੈ ਗੁਰਨੇਕ ਮੋਹਲਾਂ ਨੇ, ਜਿਨ੍ਹਾਂ ਨੇ ਰਵਾਇਤੀ ਤੇ ਜਜ਼ਬਾਤੀ ਸੰਗੀਤ ਦਾ ਸੁੰਦਰ ਮੇਲ ਪੇਸ਼ ਕੀਤਾ ਹੈ। ਵੀਡੀਓ ਨਿਰਦੇਸ਼ਨ ਬਲਵਿੰਦਰ ਗਿੱਲ ਅਤੇ ਵਿੱਕੀ ਮਾਨ ਨੇ ਕੀਤਾ ਹੈ, ਜਿਸ ਦੀ ਸ਼ੂਟਿੰਗ ਡ੍ਰੀਮਲੈਂਡ ਫ਼ਿਲਮ ਸਿਟੀ, ਬਠਿੰਡਾ ਵਿਖੇ ਹੋਈ। ਕੈਮਰੇ ਦੀ ਨਿਗਰਾਨੀ ਅਮਰਿੰਦਰ ਸਿੰਘ ਨੇ ਕੀਤੀ, ਐਡੀਟਿੰਗ ਹਰਵਿੰਦਰ ਸਿੰਘ ਨੇ ਕੀਤੀ ਹੈ,

ਸਮਾਜ ਵੀਕਲੀ ਨਿਊਜ਼

ਇਹ ਗੀਤ ਜਲਦੀ ਹੀ ਗਿੱਲ ਮਾਨ ਪ੍ਰੋਡਕਸ਼ਨ ਦੇ ਆਫਿਸੀਅਲ ਯੂਟਿਊਬ ਚੈਨਲ ਰਾਹੀਂ ਰਿਲੀਜ਼ ਕੀਤਾ ਜਾਵੇਗਾ। ਸੰਦੇਸ਼ ਹੈ ਸਾਰਿਆਂ ਨੂੰ ਕਿ ਇਸ ਕਲਾ ਰਾਹੀਂ ਸ਼ਾਂਤੀ ਦੇ ਉਪਰਾਲੇ ਨੂੰ ਵੱਧ ਤੋਂ ਵੱਧ ਪਹੁੰਚਾਇਆ ਜਾਵੇ ਤਾਂ ਜੋ ਦੁਨੀਆਂ ਨੂੰ ਇਹ ਦੱਸਿਆ ਜਾ ਸਕੇ ਕਿ ਇਨਸਾਨੀਅਤ ਹਰ ਸਰਹੱਦ ਤੋਂ ਉੱਤੇ ਹੈ।











# ਗੋਲਡਨ ਟੈਰਿਸ ਬੈਂਕੁੰਟ ਹਾਲ ਨਿਊਯਾਰਕ ਵਿੱਚ ਭਾਰਤ ਰਤਨ ਬਾਬਾ ਸਾਹਿਬ ਦਾ ਧੂਮ ਧਾਮ ਨਾਲ 134ਵਾਂ ਜਨਮ ਦਿਹਾੜਾ ਮਨਾਇਆ

## ਚੰਦਰ ਸ਼ੇਖਰ ਆਜ਼ਾਦ ਮੈਂਬਰ ਪਾਰਲੀਮੈਂਟ ਨਗੀਨਾ ਉੱਤਰ ਪ੍ਰਦੇਸ਼ ਮੁੱਖ ਬੁਲਾਰੇ ਵਜੋਂ ਪੁੱਜੇ


















**ਸਰੀ /ਵਿਨਕੂਵਰ (ਕੁਲਦੀਪ ਚੁੰਬਰ)**–ਬੇਗਮਪੁਰਾ ਕਲਚਰ ਸੋਸਾਇਟੀ ਨਿਊਯਾਰਕ, ਕੌਲ ਬ੍ਰਦਰਜ਼ ਮਿਊਜਿਕ ਨਿਊਯਾਰਕ, ਏ ਆਰ ਹੈਲਪਿੰਗ ਹੈਂਡ ਫਾਊਂਡੇਸ਼ਨ ਅਤੇ ਅਨੁਰਾਗ ਕੰਸਟ੍ਰਕਸ਼ਨ ਵਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਸਾਹਿਬ ਜੀ ਦਾ 134ਵਾਂ ਜਨਮ ਦਿਹਾੜਾ ਧੂਮਧਾਮ ਨਾਲ ਗੋਲਡਨ ਟੈਰਿਸ ਬੈਂਕੁੰਟ ਹਾਲ ਰਿਚਮੰਡ ਨਿਊਯਾਰਕ ਅਮਰੀਕਾ ਵਿਖੇ ਮਨਾਇਆ ਗਿਆ । ਇਸ ਮੌਕੇ ਬਾਹਰੋਂ ਆਏ ਸਾਰੇ ਹੀ ਸਾਥੀਆਂ ਵੱਲੋਂ ਭਾਰਤ ਰਤਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਜੀ ਦੀ ਤਸਵੀਰ ਤੇ ਸ਼ਰਧਾ ਸੁੰਮਨ ਅਰਪਿਤ ਕੀਤੇ ਗਏ । ਵਿਸ਼ੇਸ਼ ਤੌਰ ਤੇ ਉੱਤਰ ਪ੍ਰਦੇਸ਼ ਨਗੀਨਾ ਤੋਂ ਐਮ ਪੀ ਚੰਦਰ ਸ਼ੇਖਰ ਆਜ਼ਾਦ ਜੀ ਨੇ ਸਮਾਗਮ ਨੂੰ ਸੰਬੋਧਨ ਕਰਕੇ ਬਾਬਾ ਸਾਹਿਬ ਦੇ ਮਹਾਨ ਜੀਵਨ ਉਪਦੇਸ਼ਾਂ, ਉਹਨਾਂ ਦੀ ਫਿਲਾਸਫੀ ਅਤੇ ਜੀਵਨ ਜਾਂਚ ਸਬੰਧੀ ਹੱਕ ਹਕੂਕਾਂ ਅਤੇ ਅਧਿਕਾਰਾਂ ਦੀ ਗੱਲ ਕਰਦਿਆਂ ਉਨਾਂ ਦੇ ਫਲਸਫੇ ਨੂੰ ਅਪਣਾਉਣ ਦੀ ਗੱਲ ਕਹੀ ਅਤੇ ਸਾਰੇ ਸਾਥੀਆਂ ਨੂੰ ਉਹਨਾਂ ਦੇ ਮਹਾਨ ਮਿਸ਼ਨ ਨੂੰ ਅੱਗੇ ਤੋਰਨ ਲਈ ਲਾਮਬੰਦ ਕੀਤਾ । ਇਸ ਮੌਕੇ ਪ੍ਰਬੰਧਕਾਂ ਵਲੋਂ ਉਹਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਵਲੋਂ ਮਿਸ਼ਨਰੀ ਗੀਤਾਂ ਨਾਲ ਸਾਥੀਆਂ ਨੂੰ ਬਾਬਾ ਸਾਹਿਬ ਦੇ ਜੀਵਨ ਇਤਿਹਾਸ ਦੇ ਚਾਨਣਾ ਪਾਇਆ ਗਿਆ। ਲੋਕ ਗਾਇਕ ਐਸ ਰਿਸ਼ੀ, ਰਵਿੰਦਰ ਰਮਤਾ ਅਤੇ ਲਖਵਿੰਦਰ ਲੱਕੀ ਨੇ ਵੀ ਆਪਣੇ ਆਪਣੇ ਗੀਤਾਂ ਨਾਲ ਭਰਪੂਰ ਹਾਜ਼ਰੀ ਭਰੀ ।ਇਸ ਮੌਕੇ ਵਿਸ਼ੇਸ਼ ਤੌਰ ਤੇ ਪਿੰਦਰਪਾਲ ਚੇਅਰਮੈਨ ਬੇਗਮਪੁਰਾ ਕਲਚਰ ਸੋਸਾਇਟੀ ਨਿਊਯਾਰਕ ਪ੍ਰਧਾਨ ਰਾਜ ਕੁਮਾਰ ਰਾਜੂ ਬੇਗਮਪੁਰਾ ਕਲਚਰ ਸੋਸਾਇਟੀ, ਰਾਜੇਸ਼ ਬਿੱਟੂ ਸਪੀਡੋ, ਜੁਗਨੂ ਜੱਗਾ ,ਸਰਬਜੀਤ ਕੌਲ , ਸੈਂਡੀ ਕੌਲ, ਜਸਵੀਰ ਕੌਲ ਕੌਲ ਬ੍ਰਦਰਜ਼ ਮਿਊਜਿਕ, ਰਵੀ ਅੰਬੇਡਕਰ ਰਾਜਬੀਰ ਫਿਲਾਡੈਲਪੀਆ , ਹਰਪ੍ਰੀਤ ਸੁੰਮਨ, ਬਲਵੀਰ ਚੁੰਬਰ ਸਾਬਕ ਪ੍ਰਧਾਨ ਗੁਰੂ ਰਵਿਦਾਸ ਸਭਾ ਨਿਊਯਾਰਕ, ਰਾਜ ਕੁਮਾਰ ਹਨੇਰਾ ਕਮੇਡੀਅਨ, ਬਲਵਿੰਦਰ ਭੌਰਾ, ਵਿਨੋਦ ਚੁੰਬਰ, ਲਾਲੀ ਮੋਰੋਂ ,ਅਮਰਜੀਤ ਰਮਤਾ, ਪਰਮਜੀਤ ਕਮਾਮ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਜਸਵਿੰਦਰ ਬਿੱਲਾ ਚੇਅਰਮੈਨ ਗੁਰੂ ਰਵਿਦਾਸ ਸਭਾ ਨਿਊਯਾਰਕ, ਲੋਕ ਗਾਇਕ ਲਖਵਿੰਦਰ ਲੱਕੀ, ਐਸ ਐਚ ਓ ਰਾਜਵਿੰਦਰ ਸਿੰਘ ਲੱਧੜ, ਰਾਮ ਜੀ ਭੋਗਪੁਰ ਆਰ ਜੇ ਬੀਟਸ, ਜੱਸੀ ਬੰਗਾ ,ਚਰਨਜੀਤ ਕੌਲ ਸਮੇਤ ਵੱਡੀ ਗਿਣਤੀ ਵਿੱਚ ਸਾਥੀ ਹਾਜ਼ਰ ਹੋਏ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਵੀ ਸਭਾ ਨੂੰ ਸੰਬੋਧਨ ਕੀਤਾ ਤੇ ਭਾਰਤ ਰਤਨ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਨਮ ਦਿਨ ਦੀਆਂ ਲੱਖ ਲੱਖ ਮੁਬਾਰਕਾਂ ਦਿੱਤੀਆਂ। ਸਟੇਜ ਦੀ ਸੰਚਾਲਨਾ ਬਖੂਬੀ ਅੰਦਾਜ਼ ਵਿੱਚ ਜਸਵੀਰ ਮਿੱਠੂ ਕੌਲ ਨੇ ਅਦਾ ਕੀਤੀ । ਅੰਤ ਵਿੱਚ ਪ੍ਰੋਗਰਾਮ ਪ੍ਰਬੰਧਕਾਂ ਵਲੋਂ ਆਏ ਸਾਰੇ ਹੀ ਮਹਿਮਾਨਾਂ, ਮਿਸ਼ਨਰੀ ਕਲਾਕਾਰਾਂ ਅਤੇ ਹੋਰ ਪ੍ਰਮੁੱਖ ਬੁਲਾਰਿਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ।

# ਸਾਹਿਤ ਸਮਾਜ

## ਅਸੀਂ ਜੰਗ ਨਹੀਂ ਚਾਹੁੰਦੇ

ਜੰਗ ਕਿਸੇ ਮਸਲੇ ਹੱਲ ਨਹੀਂ ਹੈ ,ਰਲ ਮਿਲ ਸੋਚ ਵਿਚਾਰ ਕਰੋ।
ਕਿਉਂ ਮਨੁੱਖਤਾ ਦਾ ਘਾਣ ਕਰਾਉਂਦੇ ? ਅੰਦਰ ਝਾਤੀ ਮਾਰ ਲਵੋ।

ਕੋਈ ਥੰਮਿਆ ਵਰਤਾਰਾ,ਟੇਬਲ 'ਤੇ ਬਹਿ ਗਿਆ ਵਿਚਾਰਿਆ ਹੈ।
ਕਿਉਂ ਜਿੱਦ ਫੜੀ ਹੈ ? ਕਦੇ ਲੋਕਾਈ ਦੇ ਪੱਖ ਨੂੰ ਵਿਚਾਰਿਆ ਹੈ ?

ਕਰੋ ਖਤਮ ਏਹ ਹਉਮੈ ਦੀ ਖੇਡ, ਕਿਉਂ ਜਵਾਨੀ ਮਰਵਾਉਂਦੇ ਹੋ ?
ਏਧਰ ਅਪਣੇ ਓਧਰ ਵੀ ਅਪਣੇ ਮਨੁੱਖਤਾ ਦਾ ਖੂਨ ਵਹਾਉਂਦੇ ਹੋ ?

ਸੁਣੇ ਨੀਂ ਜਾਣੇ ਮਾਵਾਂ ਦੇ ਕੀਰਨੇ,ਵੇਖ ਨਾ ਹੋਣਾ ਅਨਾਥ ਬਾਲਾਂ ਨੂੰ,
ਕਿਉਂ ਇਹ ਕਰੁੱਤੀ ਰੁੱਤੇ ਖੂਨ ਦੀ ਚੰਦਰੀ ਹੋਲੀ ਖਿਲਾਉਂਦੇ ਹੋ ?

ਸਿਰੋਂ ਉਡੇ ਸੰਧੂਰ ਤੱਕ ਨਹੀਂ ਹੋਣੇ, ਵੇਖ ਸਫੈਦ ਚੁੰਨੀਆਂ ਤਾਈਂ,
ਵਸਦੇ ਰਸਦੇ ਘਰਾਂ ਵਿਚ ਚਿੱਟੇ ਦਿਹੁੰ ਕਿਉਂ ਵੈਣ ਪਵਾਉਂਦੇ ਹੋ ?

ਤੁਹਾਡਾ ਕੁਝ ਨਹੀਂ ਜਾਣਾ,ਮਾਵਾਂ ਦੇ ਪੁੱਤ ਬਲੀ ਮੌਤ ਦੀ ਚੜਣਗੇ।
ਵੱਡੇ ਵੱਡੇ ਬਿਆਨ ਦਾਗ ਕੇ ਆਗੂ, ਮੰਚਾਂ 'ਤੇ ਉੱਚੇ ਹੋ ਹੋ ਖੜਣਗੇ।

ਛੱਡ ਦਿਉ ਅੱਗ ਦੀ ਖੇਡ ਅਵੱਲੀ,ਪਤਾ ਨਹੀਂ ਕਿਸ ਝੁਲਸਣਾ ਹੈ।
ਬੁੱਢੇ ਬਾਪ ਦੀ ਟੁੱਟੀ ਪਿੱਠ ਉੱਤੇ, ਅਨਾਥ ਬਾਲਾਂ ਨੇ ਵਿਲਕਣਾ ਹੈ।

ਬੰਦ ਕਰੋ ਇਨਾਂ ਸਭ ਹਉਮੈ ਵਿਚ ਬੋਲੇ ਗਏ ਮੰਦੇ ਬਿਆਨਾਂ ਨੂੰ।
ਉਜਾੜਾ ਕਰਵਾ ਕੇ ਬਹਿ ਜਾਣੈ ਹੈ, ਮਾਰ ਪੈਣੀ ਮਨੁੱਖੀ ਜਾਨਾਂ ਨੂੰ।

ਲੱਖ ਦੀ ਇਕ ਸੁਣਾਈ ਵੀਰੋ, ਜੰਗ 'ਚ ਕਿਸੇ ਕੁਝ ਖੱਟਿਆ ਨਾ।
ਘੁੱਗ ਵਸਦੇ ਦੇਸ਼ ਅੰਦਰ, ਅਮਨ ਦਾ ਘੁੱਗੂ ਕਿਉਂ ਵੱਜਿਆ ਨਾ ?

ਹੱਥ ਜੋੜ 'ਆਜ਼ਾਦ' ਕਰੇ ਅਰਜ਼ੋਈ ਜੰਗ ਨੂੰ ਏਥੇ ਹੀ ਠੱਲ੍ਹ ਦਿਉ।
ਚੜਦੇ ਸੂਰਜ ਦੀ ਲਾਲੀ ਵਾਲਾ,ਹਸਦਾ ਵਸਦਾ ਜੰਤਾ ਨੂੰ ਕੱਲ੍ਹ ਦਿਉ।



ਰਣਜੀਤ ਆਜ਼ਾਦ ਕਾਂਝਲਾ
09501977814

## ਜੰਗ ਮੁਰਦਾਬਾਦ

ਅਸੀਂ ਜੰਗ ਨਹੀਂ, ਅਮਨ ਚਾਹੁੰਦੇ ਹਾਂ।
ਸਾਰੇ ਪਾਸੇ ਖਿੜੀ ਚਮਨ ਚਾਹੁੰਦੇ ਹਾਂ।
ਜੀਓ ਅਤੇ ਜਿਊਣ ਦਿਓ ਚਾਹੁੰਦਾ ਆਵਾਮ।
ਮਾਨਵ ਵਿਰੋਧੀ ਜੋ ਜੰਗ ਦਾ ਦਿੰਦੇ ਪੈਗ਼ਾਮ।
ਜੰਗ ਕਿਸੇ ਵੀ ਮਸਲੇ ਦਾ ਨਹੀਂ ਹੈ ਹੱਲ।
ਨਾ ਕੱਲ੍ਹ ਸੀ, ਨਾ ਅੱਜ, ਨਾ ਹੋਵੇਗਾ ਕੱਲ੍ਹ।
ਜੰਗੀ ਜ਼ਿੰਦਗੀ ਤਾਂ ਯਾਰੋ ਘੜੀ ਪਲ ਹੈ।
ਪਛਾਣੋ ਕੌਣ ਕਰਦਾ ਜੰਤਾ ਨਾਲ ਛੱਲ ਹੈ?
ਮਾਪਿਆਂ ਦੇ ਪੁੱਤਰ ਜੰਗ ਵਿੱਚ ਮਾਰਨਗੇ।
ਧੀਆਂ ਅਤੇ ਭੈਣਾਂ ਦੇ ਸੁਹਾਗ ਉੱਜੜਨਗੇ।
ਨੇਤਾ ਮਗਰਮੱਛ ਦੇ ਹੰਝੂ ਵਹਾਉਣਗੇ।
ਲੋਕ ਖੂਬ ਮੋਮਬੱਤੀਆਂ ਜਗਾਉਣਗੇ।
ਮਾਅਨੇ ਨਹੀਂ ਰੱਖਦਾ ਜੰਗ ਕੌਣ ਜਿੱਤੇਗਾ।
ਦੋਸਤੋ, ਕਿਸਦਾ ਨਾਮੋ ਨਿਸ਼ਾਨ ਮਿਟੇਗਾ?
ਹਾਕਮਰਾਨੋਂ ਇਸ ਜੰਗ ਨੂੰ ਟਾਲੋ।
ਦਿਲਾਂ ਚੋਂ ਪੈਦਾ ਨਫ਼ਰਤ ਮਿਟਾ ਲਓ।
ਅਮਨ, ਭਾਈਚਾਰਾ ਹੋਵੇ ਸਾਡਾ ਪ੍ਰਚਾਰ।
ਪੈਂਥਰ, ਸੁੱਖੀ ਵਸੈ ਇਹ ਸਾਰਾ ਸੰਸਾਰ।
ਜੰਗ ਮੁਰਦਾਬਾਦ, ਅਮਨ ਜ਼ਿੰਦਾਬਾਦ।
ਜੰਗ ਮੁਰਦਾਬਾਦ, ਅਮਨ ਜ਼ਿੰਦਾਬਾਦ।



ਧਰਮ ਪਾਲ ਪੈਂਥਰ ਅਮਰੀਕਾ




# AMBEDKAR INTERNATIONAL MISSION, LONDON

***Pays Homage To***

# THE GREAT DR BABASAHEB AMBEDKAR

***On the occasion of his 134th Birth Anniversary***

**Sunday, 11th May, 2025 From 2 pm (sharp) until 6 pm**

**At Elmhurst School, Upton Park Road, London, E7 8JY**

**All are cordially invited along with family, friends and relatives**

Speeches and poetry by distinguished guests

Sir Stephen Timms MP, Minister of State at the Department for Work and Pensions will be in attendance from 2 pm until 2:30 pm

## CHIEF GUEST



**Dr. B.P. Ashok (IPS Retd), PhD, D.Litt.**

Dr. B.P. Ashok is a prominent public figure now retired from his professional role as an Indian Police Service Officer. He has delivered over 5,000 lectures on social, cultural,religious, political, and motivational issues worldwide, including at the London School of Economics, House of Commons (UK), the University of London, the National Police Academy in Hyderabad, the UP Academy of Administration, and leading Strategic Change course at the Royal Institute of Public Administration in London, as well as lectured at various other universities around the world. He is also the author of more than 30 books.

## Transport and Parking

Nearest Underground: Upton Park, District, Hammersmith and City lines.

The venue is 10 minutes' walk from Upton Park Underground Station

## Cultural Entertainment

Giani Tarsem Singh Virdee and Party London (+91 9855 08290)
Tabla and Dhol Academy,

Dance performance:
Ms Tamalika and Ms Sonia

**Free parking at Elmhurst Primary School**

**Lunch will be strictly served between 12 noon - 1:30 pm only**

**Contact: Tel. 07751-668926**

# ਦੇਸ਼ ਭਗਤ ਯਾਦਗਾਰ ਕਮੇਟੀ ਦਾ ਸੁਨੇਹਾ; ਜੰਗ ਖ਼ੁਦ ਹੀ ਮਸਲਾ ਹੈ; ਮਸਲੇ ਦਾ ਹੱਲ ਨਹੀਂ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** "ਚੜ੍ਹਦੇ ਅਤੇ ਲਹਿੰਦੇ ਸਾਂਝੇ ਪੰਜਾਬ ਦੇ ਆਵਾਮ ਦੇ ਦੇਸ਼ ਭਗਤ ਪ੍ਰਤੀਨਿੱਧਾਂ ਵੱਲੋਂ ਆਜ਼ਾਦੀ ਅਤੇ ਅਮਨ ਦੀਆਂ ਬਹਾਰਾਂ ਮਾਨਣ ਲਈ 1913 'ਚ ਅਮਰੀਕਾ ਵਿਖੇ ਸਿਰਜੀ ਗ਼ਦਰ ਪਾਰਟੀ ਦੇ ਵਾਰਸਾਂ ਵੱਲੋਂ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਚੇਤਨਾ ਦੇ ਚਾਨਣ ਦਾ ਛੱਟਾ ਦੇਣ ਲਈ ਬਣਾਈ ਇਬਾਦਤਗਾਹ, ਦੇਸ਼ ਭਗਤ ਯਾਦਗਾਰ ਹਾਲ ਦੀ ਪ੍ਰਬੰਧਕ ਅਤੇ ਸੇਵਾਦਾਰ, ਦੇਸ਼ ਭਗਤ ਯਾਦਗਾਰ ਕਮੇਟੀ ਨੇ ਲੋਕ- ਮਾਰੂ ਜੰਗ ਦੇ ਭਾਂਬੜ ਬਾਲੇ ਜਾਣ 'ਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਦੋਵੇਂ ਮੁਲਕਾਂ ਦੇ ਲੋਕਾਂ ਦੇ ਖਿਲਾਫ਼ ਨਿਹੱਕੀ ਜੰਗ ਹੈ, ਜਿਸਦਾ ਹਰ ਮਾਨਵ ਦਰਦੀ, ਇਨਸਾਫ਼ ਅਤੇ ਅਮਨ ਪਸੰਦ ਵਿਅਕਤੀ ਨੂੰ ਬੇਖੌਫ਼ ਹੋ ਕੇ ਵਿਰੋਧ ਕਰਨ ਦੀ ਲੋੜ ਹੈ"। ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਾਰੀ ਕੀਤੇ ਲਿਖਤੀ ਬਿਆਨ 'ਚ ਉਪਰੋਕਤ ਟਿੱਪਣੀ ਕਰਦਿਆਂ ਕਿਹਾ ਹੈ ਕਿ ਕਮੇਟੀ ਪਹਿਲੇ ਦਿਨ ਤੋਂ ਹੀ ਪਹਿਲਗਾਮ ਦੀ ਹਿਰਦੇਵੇਦਕ ਘਟਨਾ ਦੀ ਕਰੜੀ ਨਿੰਦਾ ਕਰਦੇ ਹੋਏ ਮੁਜ਼ਰਿਮਾਂ ਦੀ ਪੈੜ ਜਨਤਾ ਦੀ ਨਜ਼ਰ ਕਰਨ ਦੀ ਮੰਗ ਕਰਦੀ ਆ ਰਹੀ ਹੈ। ਕਮੇਟੀ ਦਾ ਵਿਚਾਰ ਹੈ ਕਿ ਲੋਕਾਂ ਦੇ ਸੰਦੇਹ ਅਤੇ ਮੂੰਹ ਫੱਟ ਬਿਆਨਾਂ ਦਾ ਤਸੱਲੀਬਖ਼ਸ਼ ਜਵਾਬ ਦੇਣ ਦੀ ਭਾਜਪਾ ਹਕੂਮਤ ਦੀ ਨੈਤਿਕ ਜ਼ਿੰਮੇਵਾਰੀ ਹੈ। ਉਸ ਪਾਸੇ ਇੱਕ ਵੀ ਕਦਮ ਪੁੱਟਣ ਦੀ ਬਜਾਏ ਉਲਟਾ ਅੱਧੀ ਰਾਤ ਪਾਕਿਸਤਾਨ ਤੇ ਕੀਤੇ ਮਿਜ਼ਾਇਲ ਹਮਲੇ ਦਾ ਜਸ਼ਨ ਮਨਾਉਣ ਅਤੇ ਕੌਮੀ ਅੰਧ ਰਾਸ਼ਟਰਵਾਦ ਦੀ ਧੂਣੀ ਉਪਰ ਤੇਲ ਛਿੜਕਣ ਲਈ ਸਭਨਾਂ ਸ਼ਕਤੀਆਂ ਨੂੰ ਥਾਪੜਾ ਦਿੱਤਾ ਜਾ ਰਿਹਾ ਹੈ। ਇਹ ਅੰਨ੍ਹੀ ਦੌੜ, 'ਅੱਖ ਕੱਢਣ ਬਦਲੇ ਅੱਖ ਕੱਢਣ' ਦੀ ਅੰਨ੍ਹੀ ਦੌੜ 'ਚ ਗ਼ਲਤਾਨ ਹੋ ਕੇ ਅੰਨਿਆਂ ਦਾ ਸੰਸਾਰ ਬਣਾ ਧਰਨਾ ਹੋਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦਾ ਸਾਫ਼ ਅਤੇ ਸਪੱਸ਼ਟ ਵਿਚਾਰ ਹੈ ਕਿ ਕੇਂਦਰ ਦੀ ਭਾਜਪਾ ਹਕੂਮਤ 'ਵਿਸ਼ਵ ਦੇ ਥਾਣੇਦਾਰ' ਹੋਣ ਦੇ ਹੰਕਾਰ 'ਚ ਗਲਤਾਨ ਤਾਕਤਾਂ ਦੇ ਇਸ਼ਾਰਿਆਂ 'ਤੇ ਉਹਨਾਂ ਦੇ ਆਰਥਕ, ਰਾਜਨੀਤਕ ਹਿੱਤਾਂ ਦੀ ਪੂਰਤੀ ਲਈ ਅਤੇ ਮੁਲਕ ਦੇ ਕਾਰਪੋਰੇਟ ਘਰਾਣਿਆਂ ਦੀ ਪੂੰਜੀ ਲਈ ਰਾਹ ਪੱਧਰਾ ਕਰਨ ਵਾਸਤੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਹਟਾ ਕੇ ਲੋਕਾਂ ਦੀ ਸੁਰਤੀ ਜੰਗ ਦੇ ਝੱਖੜਾਂ ਵਿੱਚ ਰੋਲ਼ ਦੇਣਾ ਚਾਹੁੰਦੀ ਹੈ।

ਉਹਨਾਂ ਕਿਹਾ ਕਿ ਕੇਂਦਰੀ ਹਕੂਮਤ ਅਤੇ ਪੁਲਸ ਰਾਜ ਬਣਾ ਧਰਨ ਲਈ ਪੰਜਾਬ ਹਕੂਮਤ ਨੇ ਕਾਰਪੋਰੇਟ ਘਰਾਣਿਆਂ ਅੱਗੇ ਜੰਗਲ,ਜਲ, ਜ਼ਮੀਨ, ਸਿੱਖਿਆ, ਸਿਹਤ ਆਦਿ ਸਭ ਸਾਧਨ ਅਤੇ ਕੁਦਰਤੀ ਅਨਮੋਲ ਸਰੋਤ ਪਰੋਸਣ ਲਈ ਲੋਕਾਂ ਖ਼ਿਲਾਫ਼ ਜੰਗ ਛੇੜ ਰੱਖੀ ਹੈ। ਜੰਗ ਰਾਹੀਂ ਅੰਧ ਰਾਸ਼ਟਰਵਾਦ ਦੀ ਗਰਦੋ ਗੁਬਾਰ ਦਾ ਓਹਲਾ ਕਰਕੇ ਲੋਕਾਂ ਦਾ ਧਿਆਨ ਆਪਣੀਆਂ ਹਕੀਕੀ ਮੰਗਾਂ ਮਸਲਿਆਂ ਤੋਂ ਹਟਾ ਕੇ ਬੱਸ ਜੰਗ ਦੇ ਧੂੰਏ ਵਿੱਚ ਬਦਲ ਦੇਣ ਦਾ ਮਨਸੂਬਾ ਹੈ।



ਕਮੇਟੀ ਨੇ ਰੋਸ ਪ੍ਰਗਟਾਇਆ ਹੈ ਕਿ ਪਹਿਲਗਾਮ 'ਚ ਪਹਿਲਾਂ ਤਾਂ ਲੋਕਾਂ ਦੀ ਸੁਰੱਖਿਆ ਦਾ ਪ੍ਰਬੰਧ ਨਾ ਕਰਨਾ, ਫ਼ਿਰ ਘਟਨਾ ਉਪਰੰਤ ਘੰਟਿਆਂ ਬੱਧੀ ਲੋਕਾਂ ਦੀ ਹਾਹਾਕਾਰ ਨਾ ਸੁਣਨਾ, ਪ੍ਰਧਾਨ ਮੰਤਰੀ ਦਾ ਜਵਾਬਦੇਹ ਨਾ ਹੋਣਾ ਅਤੇ ਅੱਜ ਪੂਰੀ ਫੁਰਤੀ ਨਾਲ 'ਕੌਮ ਦੇ ਨਾਮ ਸੰਦੇਸ਼' ਦਿੰਦੇ ਹੋਏ ਅੰਧਰਾਸ਼ਟਰਵਾਦ ਅਤੇ ਫ਼ਿਰਕੂ ਮਾਹੌਲ ਬਣਾ ਧਰਨ ਲਈ ਗੈਰ ਜਿੰਮੇਵਾਰਾਨਾ ਟਿੱਪਣੀਆਂ ਕਰਨਾ ਲੋਕ ਮਨਾਂ ਅੰਦਰ ਉੱਗੀਆਂ ਸ਼ੰਕਾਵਾਂ ਨੂੰ ਹੀ ਹੋਰ ਪੱਕਾ ਕਰਦੀ ਹੈ ਕਿ ਪਹਿਲਗਾਮ ਦੇ ਦਰਦਨਾਕ ਕਾਂਡ ਦੀ ਸਕਰਿਪਟ ਦਾ ਅਸਲ ਸੱਚ ਕੀ ਹੈ!ਕਮੇਟੀ ਦਾ ਕਹਿਣਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ, ਜੰਗ ਤਾਂ ਖ਼ੁਦ ਹੀ ਇੱਕ ਮਸਲਾ ਹੈ। ਇਸ ਲਈ ਜੰਗ ਦਾ ਮਾਹੌਲ ਤੁਰੰਤ ਬੰਦ ਕੀਤਾ ਜਾਏ, ਹਮਲਾ ਜਾਂ ਸਰਹੱਦਾਂ ਤੇ ਕਿਸੇ ਵੀ ਪਾਸੇ ਤੋਂ ਗੋਲਾਬਾਰੀ ਹੋਣਾ ਕਦਾਚਿਤ ਹੀ ਕਿਸੇ ਸਮੱਸਿਆ ਦੀ ਗੁੱਥੀ ਸੁਲਝਾਉਣਾ ਨਹੀਂ ਸਗੋਂ ਸਮੱਸਿਆਵਾਂ ਨੂੰ ਜਰਬਾਂ ਦੇਣਾ ਹੈ। ਕਮੇਟੀ ਨੇ ਮੰਗ ਕੀਤੀ ਹੈ ਕਿ ਤੁਰੰਤ ਹੀ ਅਮਨ ਦੇ ਕਬੂਤਰ ਅੰਬਰਾਂ 'ਤੇ ਛੱਡੇ ਜਾਣ ਨਾ ਕਿ ਕਰੋਨਾ ਵੇਲੇ ਥਾਲੀਆਂ ਖੜਕਾਉਣ ਵਾਂਗ 'ਖ਼ਤਰੇ ਦੇ ਘੁੱਗੂ,' ਬਲੈਕ ਆਊਟ ਦੀਆਂ ਡਰਿਲਾਂ ਕਰਕੇ ਸਮਾਜ ਅੰਦਰ ਭੈਅ ਦਾ ਮਾਹੌਲ ਸਿਰਜਕੇ, ਆਪਣੀਆਂ ਲੋਕ- ਦੋਖੀ ਨੀਤੀਆਂ ਦਾ ਬੁਲਡੋਜ਼ਰ ਲੋਕਾਂ ਉਪਰ ਚਾੜ੍ਹਨ ਲਈ ਜੰਗ ਦੇ ਸੰਘਣੇ ਧੂੰਏਂ ਵਿੱਚ ਲੋਕਾਂ ਨੂੰ ਭਟਕਾਉਣ ਅਤੇ ਆਪਣੇ ਹਿੱਤਾਂ ਦੀ ਪੂਰਤੀ ਲਈ ਰਾਹ ਮੋਕਲਾ ਕੀਤਾ ਜਾਏ।




Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
X
@samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com